
ਹਸਤੀ ਦੁਨੀਆ
Hansti Duniya (Punjabi)
Vol. 42
No. 10
October 2018
₹15/-

# ਹੰਸਤੀ ਦੁਨੀਆ

• Vol. 42 • ਅੰਕ : 10 • ਅਕਤੂਬਰ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215

**Website:** http//www.nirankari.org
kids.nirankari.org



## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

**Other Countries**

Equivalent to U.S. Dollars as mentioned above.



ਸਭ ਤੋਂ ਪਹਿਲਾਂ

ਰਾਸ਼ਟਰੀ ਏਕਤਾ ਤੇ ਤਿਉਹਾਰ 4










## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46


























## ਕਹਾਣੀਆਂ


ਸੇਠ ਦੀ ਚਤੁਰਾਈ
– ਚਿਤਰੇਸ਼ 6
ਕਰੋਗੇ ਸੇਵਾ ਤਾਂ ਮਿਲੇਗਾ ਮੇਵਾ
– ਮੇਘਾ ਮੈਡਮ 12
ਆਜ਼ਾਦੀ ਦੇ ਬੇਰ ਮਿੱਠੇ
– ਸਾਬਿਰ ਹੁਸੈਨ 24
ਚੋਰੀ ਦਾ ਦੰਡ
– ਦੀਪਾਂਸ਼ੂ ਜੈਨ 28
ਪੱਪੂ ਦੀ ਸਮਝਦਾਰੀ
–ਕਿਸ਼ੋਰ ਡੈਨੀਅਲ 34
ਫੁੱਲ ਅਤੇ ਕੰਡਾ
– ਅੰਜਨਾ ਨਿਰੰਕਾਰੀ 39
ਨਗਾੜਿਆਂ ਦੀ ਆਵਾਜ਼
– ਕਮਲ ਸੌਗਾਨੀ 40
ਮੇਰੇ ਤੋਂ ਨਹੀਂ ਹੋ ਸਕੇਗਾ
– ਦੀਪਕ ਕੁਮਾਰ 44


## ਗੀਤ-ਕਵਿਤਾਵਾਂ


ਜੋ ਮਿਹਨਤ ਕਰਨਾਂ...
– ਅਮਨਪ੍ਰੀਤ ਸਿੰਘ 5
ਪੜ੍ਹ ਕੇ ਮੌਜ ਮਨਾਉਂਦੇ
– ਰਾਜਕੁਮਾਰ 11
ਦਾਦਾ-ਦਾਦੀ, ਮੰਮੀ-ਪਾਪਾ
– ਡਾ.ਪਰਸ਼ੂਰਾਮ 31
ਆਉ! ਸਭ ਰੁੱਖ ਲਗਾਈਏ
– ਮਦਨ ਦੇਵੜਾ 35
ਦੁਸਹਿਰਾ ਵੇਖਣ ਚਲੀਏ
– ਦਰਸ਼ਨ ਸਿੰਘ ਕੰਡਾ 43


## ਵਿਸ਼ੇਸ਼ ਲੇਖ


ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ 8
ਲਾਲ ਬਹਾਦਰ ਸ਼ਾਸਤਰੀ
– ਰਾਜ ਕੁਮਾਰ ਗੁਪਤਾ 14
ਸੱਪਾਂ ਨੂੰ ਆਪਣਾ ਜ਼ਹਿਰ ਕਿਥੋਂ...
– ਨੈਨਤਾਰਾ ਦੀਦੀ 18
ਸਭ ਤੋਂ ਲੰਮੀ ਸੁਰੰਗ
– ਵਿਦਿਆ ਪ੍ਰਕਾਸ਼ 26
ਜਿਰਾਫ
– ਪੁਸ਼ਪਿੰਦਰ 32
ਸਮੁੰਦਰੀ ਘੋੜਾ
– ਅਸ਼ੋਕ ਭਾਰਦਵਾਜ 36

## ਸਭ ਤੋਂ ਪਹਿਲਾਂ

# ਰਾਸ਼ਟਰੀ ਏਕਤਾ ਤੇ ਤਿਉਹਾਰ



ਪਿਆਰੇ ਬਚਿਓ! ਭਾਰਤ ਦੇਸ਼ ਵਿਭਿੰਨ ਮਾਨਤਾਵਾਂ, ਵਿਭਿੰਨ ਸੰਸਕ੍ਰਿਤੀਆਂ ਤੇ ਵਿਭਿੰਨ ਭਾਸ਼ਾਵਾਂ ਵਾਲਾ ਦੇਸ਼ ਹੈ। ਹੋਰ ਅਨੇਕਾਂ ਦੇਸ਼ਾਂ ਵਿਚ ਸਿਰਫ ਕਿਸੇ ਇਕ ਖਾਸ ਮਾਨਤਾ ਜਾਂ ਧਰਮ ਨੂੰ ਮੰਨਣ ਵਾਲਿਆਂ ਦੀ ਵਸੋ ਜਿਆਦਾ ਹੁੰਦੀ ਹੈ ਅਤੇ ਉਸੀ ਮਾਨਤਾ ਅਨੁਸਾਰ ਤਿਉਹਾਰ ਮਨਾਏ ਜਾਂਦੇ ਹਨ ਜਦਕਿ ਭਾਰਤ ਵਿਚ ਹਿੰਦੂ, ਮੁਸਲਮਾਨ, ਸਿਖ, ਈਸਾਈ, ਜੈਨ, ਬੋਧ, ਪਾਰਸੀ ਅਤੇ ਹੋਰ ਅਨੇਕਾ ਮਾਨਤਾਵਾਂ ਵਾਲੇ ਲੋਕ ਰਹਿੰਦੇ ਹਨ ਅਤੇ ਸਾਰਿਆਂ ਨੂੰ ਇਕੋ ਜਿਹੇ ਅਧਿਕਾਰ ਪ੍ਰਾਪਤ ਹਨ। ਇਹ ਦੇਸ਼ ਇਕ ਐਸੇ ਸੁੰਦਰ ਗੁਲਸ਼ਨ ਦਾ ਰੂਪ ਹੈ, ਜਿਸ ਵਿਚ ਅਲਗ-ਅਲਗ ਰੰਗ ਤੇ ਖੁਸ਼ਬੂ ਵਾਲੇ ਫੁਲ ਖਿੜਦੇ ਹਨ ਤੇ ਬਾਗ ਦੀ ਸ਼ੋਭਾ ਬਣਦੇ ਹਨ। ਹਰ ਖਿੜੇ ਹੋਏ ਫੁਲ ਦੀ ਹੋਂਦ ਭਾਵੇਂ ਵਖਰੀ ਹੁੰਦੀ ਹੈ, ਨਾਂ, ਕਿਸਮ, ਰੰਗ ਅਤੇ ਖੁਸ਼ਬੂ ਅਲਗ ਹੁੰਦੀ ਹੈ; ਪਰ ਹੁੰਦੇ ਸਾਰੇ ਇਕ ਹੀ ਗੁਲਸ਼ਨ ਦੀ ਦੇਨ ਹਨ। ਉਹ ਸਾਰੇ ਮਿਲ ਜੁਲ ਕੇ ਗੁਲਸ਼ਨ ਦੀ ਸੁੰਦਰਤਾ ਨੂੰ ਵਧਾਉਂਦੇ ਹਨ। ਰੰਗ, ਕਿਸਮ ਜਾਂ ਖੁਸ਼ਬੂ ਕਾਰਣ ਆਪਸ ਵਿਚ ਨਾ ਕਦੇ ਮਨ-ਮੁਟਾਵ ਕਰਦੇ ਹਨ ਤੇ ਨਾ ਕਦੇ ਟਕਰਾਉਂਦੇ ਹਨ।

ਪਿਆਰੇ ਬਚਿਓ! ਇਸੀ ਤਰ੍ਹਾਂ ਅਲਗ-ਅਲਗ ਮਾਨਤਾਵਾਂ ਕਾਰਣ ਦੇਸ਼ ਵਿਚ ਅਲਗ-ਅਲਗ ਤਿਉਹਾਰ ਮਨਾਏ ਜਾਂਦੇ ਹਨ। ਹੋਲੀ, ਦੀਵਾਲੀ, ਈਦ, ਕ੍ਰਿਸਮਿਸ, ਗੁਰੂ-ਪੁਰਬ, ਵਿਸਾਖੀ ਆਦਿ। ਅਲਗ-ਅਲਗ ਮੌਕਿਆਂ ਤੇ ਮਨਾਏ ਜਾਣ ਵਾਲੇ ਇਨ੍ਹਾਂ ਤਿਉਹਾਰਾਂ ਨੂੰ ਅਲਗ-ਅਲਗ ਸਮੇਂ ਅਤੇ ਅਲਗ-ਅਲਗ ਢੰਗ ਨਾਲ ਭਾਵੇਂ ਮਨਾਇਆ ਜਾਂਦਾ ਹੋਵੇ; ਪਰ ਇਨ੍ਹਾਂ ਦੇ ਮੂਲ ਵਿਚ ਜੋ ਭਾਵਨਾ ਛੁਪੀ ਹੋਈ ਹੈ, ਉਹ ਅਲਗ-ਅਲਗ ਨਹੀਂ ਹੈ ਬਲਕਿ ਇਕ ਹੀ ਹੈ ਅਤੇ ਉਹ ਹੈ ਮਨ ਦੀ ਖੁਸ਼ੀ ਅਤੇ ਸਾਡੀ ਮਾਨਤਾ। ਜੇਕਰ ਦੀਵਾਲੀ ਭਗਵਾਨ ਸ੍ਰੀ ਰਾਮ ਜੀ ਦੇ ਅਜੁਧਿਆ ਤੋ ਵਾਪਿਸ ਆਉਣ ਦੀ ਖੁਸ਼ੀ ਵਿਚ ਮਨਾਈ ਜਾਂਦੀ ਹੈ ਤਾਂ ਕ੍ਰਿਸਮਿਸ ਪ੍ਰਭੂ ਯੀਸੂ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ; ਇਸੀ ਤਰ੍ਹਾਂ ਗੁਰੂ-ਪੁਰਬ ਵੀ ਗੁਰੂ ਸਾਹਿਬਾਨ ਦੇ ਪ੍ਰਗਟ ਹੋਣ ਦੀ ਖੁਸ਼ੀ ਨੂੰ ਦਰਸਾਉਂਦੇ ਹਨ। ਹੋਲੀ ਅਤੇ ਦਸਿਹਰਾ ਝੂਠ ਉਤੇ ਸੱਚ ਦੀ ਜਿੱਤ ਹੋਣ ਦੀ ਖੁਸ਼ੀ ਦਾ ਪ੍ਰਤੀਕ ਹੈ।


ਭਾਵ ਇਨ੍ਹਾਂ ਸਾਰੇ ਤਿਉਹਾਰਾਂ ਦੇ ਮੂਲ ਵਿਚ ਸਾਡੀਆਂ ਧਾਰਮਿਕ ਮਾਨਤਾਵਾਂ ਅਤੇ ਪਰਮ ਸੱਚ ਦੇ ਭਾਵ ਨੂੰ ਪ੍ਰਗਟਾਉਣ ਦਾ ਹੀ ਮਕਸਦ ਹੁੰਦਾ ਹੈ। ਇਨ੍ਹਾਂ ਤਿਓਹਾਰਾਂ ਦਾ ਮਹੱਤਵ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਅਗਲ-ਅਲਗ ਮਾਨਤਾਵਾਂ ਨਾਲ ਸੰਬੰਧ ਹੋਣ ਦੇ ਬਾਵਜੂਦ ਇਨ੍ਹਾਂ ਪਿਛੇ ਛੁਪੇ ਇਕ ਹੀ ਮਕਸਦ ਨੂੰ ਧਿਆਨ ਵਿਚ ਰਖਦਿਆਂ ਸਾਰੇ ਦੇਸ਼ਵਾਸੀ ਇਨ੍ਹਾਂ ਨੂੰ ਮਿਲਜੁਲ ਕੇ ਮਨਾਉਂਦੇ ਹਨ। ਇਕ-ਦੂਜੇ ਨੂੰ ਸ਼ੁਭਕਾਮਨਾਵਾਂ ਦਿੰਦੇ ਹਨ, ਮਿਠਾਈਆਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਅਨੇਕਤਾ ਵਿਚ ਏਕਤਾ ਦਾ ਭਾਵ ਪ੍ਰਬਲ ਹੁੰਦਾ ਰਹਿੰਦਾ ਹੈ।

ਪਿਆਰੇ ਬਚਿਓ! ਅਸੀਂ ਵੀ ਹਰ ਤਿਉਹਾਰ ਨੂੰ ਮਿਲ-ਜੁਲ ਕੇ ਮਨਾਉਣਾ ਹੈ ਅਤੇ ਇਨ੍ਹਾਂ ਤਿਓਹਾਰਾਂ ਰਾਹੀਂ ਅਪਣੀ ਰਾਸ਼ਟਰੀ ਏਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਨੀ ਹੈ।

ਸੁਲੇਖ 'ਸਾਥੀ'
ssathi_2007@yahoo.com

❑ ਅਮਨਪ੍ਰੀਤ ਸਿੰਘ

# ਜੋ ਮਿਹਨਤ ਕਰਨਾ ਸਿਖਾਉਂਦੀ ਹੈ



ਨਿੱਕਾ ਜਿਹਾ ਸਰੀਰ ਹੈ,
ਪਰ ਕੰਮ ਉਸਦਾ ਤੇਜ ਹੈ।
ਕੰਮ ਤੋਂ ਨਾ ਕਦੇ ਜੀਅ ਚੁਰਾਉਂਦੀ ਹੈ,
ਬੁੱਝੋ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।

ਦੇਖੀਏ ਜਦ ਵੀ ਧਰਤੀ ਵੱਲ ਨੂੰ,
ਸਾਨੂੰ ਨਜ਼ਰ ਉਹ ਆਉਂਦੀ ਹੈ।
ਨਿੱਕਾ ਜਿਹਾ ਟੁੱਕੜਾ ਭੋਜਨ ਦਾ,
ਮੂੰਹ ਵਿੱਚ ਲੈ ਕੇ ਜਾਂਦੀ ਹੈ।
ਰੁਕਣ ਤੋਂ ਵੀ ਕਿਸੇ ਥਾਂ ਤੇ ਉਹ ਕਤਰਾਉਂਦੀ ਹੈ,
ਬੁੱਝੋ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।

ਜਦ ਕਦੇ ਗਲਤੀ ਨਾਲ ਉਹ,
ਸਾਡੇ ਸਰੀਰ ਤੇ ਚੜ ਜਾਂਦੀ ਹੈ।
ਸ਼ਾਇਦ ਭੁੱਖ ਕਾਰਨ ਹੀ,
ਉਹ ਸਾਨੂੰ ਕੱਟ ਖਾਂਦੀ ਹੈ।
ਕਦੇ-ਕਦਾਈ ਲੰਬੀ ਲਾਈਨ ਵਿੱਚ
ਤੁਰਦੀ ਨਜ਼ਰ ਆਉਂਦੀ ਹੈ,
ਬੁੱਝੋ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।

ਨਿਰੰਕਾਰ ਦੇ ਵੀ ਰੰਗ ਨਿਆਰੇ,
ਇਹੋ ਜਿਹੇ ਨਿੱਕੇ ਜੀਵ ਬਣਾਏ ਕਈ ਸਾਰੇ।
ਉਹ ਜ਼ਿੰਦਗੀ ਜਿਊਣਾ ਸਾਨੂੰ ਸਿਖਾਵੇ,
ਜਦ ਧਰਤੀ ਤੋਂ ਪਹਾੜ ਤੇ ਚੜ੍ਹ ਜਾਵੇ।
ਨਾ ਕਦੇ ਉਹ ਕਿਸੇ ਨੂੰ ਡਰਾਉਂਦੀ ਹੈ,
ਕੀੜੀ ਹੈ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।



ਬਾਲ ਕਥਾ : ਚਿਤਰੇਸ਼

# ਸੇਠ ਦੀ ਚਤੁਰਾਈ

ਇਕ ਵਾਰ ਦੀ ਗੱਲ ਹੈ, ਲਕਸ਼ਮੀ ਅਤੇ ਦਰਿਦਰਾ ਧਰਤੀ ਤੇ ਸੈਰ ਕਰਨ ਆਈਆਂ। ਦੋਵੇਂ ਭੈਣਾਂ ਸੁੰਦਰ ਤਾਂ ਸਨ ਹੀ। ਉਸ ਰੋਜ਼ ਉਹਨਾਂ ਨੇ ਚਕਾਚੌਂਦ ਕਰਨ ਵਾਲਾ ਸ਼ਿੰਗਾਰ ਵੀ ਕਰ ਰੱਖਿਆ ਸੀ। ਗੱਲਬਾਤ ਦੇ ਦੌਰਾਨ ਉਹਨਾਂ ਵਿਚਕਾਰ ਝਗੜਾ ਉਠ ਖੜਾ ਹੋਇਆ ਕਿ ਸਾਡੇ ਵਿਚੋਂ ਜ਼ਿਆਦਾ ਸੁੰਦਰ ਕੌਣ ਹੈ? ਲਕਸ਼ਮੀ ਨੂੰ ਆਪਣੇ ਰੂਪ ਤੇ ਘੁਮੰਡ ਸੀ ਤਾਂ ਦਰਿਦਰਾ ਆਪਣੀ ਸੁੰਦਰਤਾ ਤੇ ਮਾਣ ਸੀ। ਕੋਈ ਵੀ ਆਪਣੇ ਆਪ ਨੂੰ ਦੂਸਰੇ ਤੋਂ ਜਰਾ ਵੀ ਘੱਟ ਮੰਨਣ ਨੂੰ ਤਿਆਰ ਨਹੀਂ ਸੀ। ਉਸੇ ਸਮੇਂ ਸਾਹਮਣਿਉਂ ਨਗਰ ਦਾ ਸੇਠ ਆਉਂਦਾ ਦਿਸ ਪਿਆ। ਦਰਿਦਰਾ ਨੇ ਕਿਹਾ - ਚਲੋ, ਇਹਨੂੰ ਪੰਚ ਬਣਾ ਕੇ ਫੈਸਲਾ ਕਰਾ ਲਈਏ।

ਲਕਸ਼ਮੀ ਸਹਿਮਤ ਹੋ ਗਈ। ਦੋਵੇਂ ਭੈਣਾਂ ਬਿਨਾ ਦੇਰੀ ਕੀਤੇ ਨਗਰ ਸੇਠ ਕੋਲ ਪਹੁੰਚ ਗਈਆਂ ਅਤੇ ਜਾਣ-ਪਛਾਣ ਕਰਾ ਕੇ ਉਹਨਾਂ ਸਾਹਮਣੇ ਆਪਣੀ ਸਮੱਸਿਆ ਰੱਖ ਦਿੱਤੀ। ਸੇਠ ਠਹਿਰਿਆ ਚਾਲਾਕ ਵਿਅਕਤੀ। ਉਹ ਦੋਹਾਂ ਵਿਚੋਂ ਕਿਸੇ ਨੂੰ ਵੀ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਚਤੁਰਾਈ ਤੋਂ ਕੰਮ ਲੈਂਦੇ ਹੋਏ ਉਹ ਬੋਲਿਆ - ਦੇਵੀਉ, ਆਪ ਦੋਵੇਂ ਹੀ ਮਹਾਨ ਸੁੰਦਰੀਆਂ ਹੋ। ਕਿਸ ਨੂੰ ਜ਼ਿਆਦਾ ਕਹਾਂ, ਸਮਝ ਵਿੱਚ ਨਹੀਂ ਆ ਰਿਹਾ। ਆਪ ਦੋਵੇਂ ਮੇਰੇ ਨਾਲ ਕੁਝ ਦੂਰ ਚਲੋ। ਮੈਂ ਆਪ ਦੋਹਾਂ ਦੀ ਚਾਲ-ਢਾਲ ਅਤੇ ਗੱਲ-ਬਾਤ ਪਰਖ ਲਵਾਂ, ਤਦੇ ਸਹੀ ਨਿਰਣਾ ਦੇ ਸਕਾਂਗਾ।

ਦੋਵੇਂ ਭੈਣਾਂ ਉਸਦੇ ਨਾਲ ਚੱਲਣ ਲੱਗੀਆਂ। ਉਹ ਉਹਨਾਂ ਨੂੰ ਆਪਣੀ ਹਵੇਲੀ ਦੇ ਕੋਲ ਲੈ ਆਇਆ। ਫਿਰ ਦਰਿਦਰਾ ਵੱਲ ਆਦਰਪੂਰਵਕ ਵੇਖਦੇ ਹੋਏ ਕਿਹਾ- ਦੇਵੀ, ਆਪ ਰੁਕੋ, ਮੈਂ ਦੋਹਾਂ ਦੇਵੀਆਂ ਨੂੰ ਅਲਗ-ਅਲਗ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰਦਾ ਹਾਂ।

ਉਹ ਲਕਸ਼ਮੀ ਨੂੰ ਹਵੇਲੀ ਦੇ ਅੰਦਰ ਲੈ ਗਿਆ ਅਤੇ ਬੜੇ ਪ੍ਰੇਮ ਨਾਲ ਬੋਲਿਆ- ਦੇਵੀ, ਆਪ ਥੋੜੀ ਦੇਰ ਇਥੇ ਆਰਾਮ ਕਰੋ। ਮੈਂ ਦਰਿਦਰਾ ਦੇਵੀ ਨੂੰ ਮਿਲ ਕੇ ਆਉਂਦਾ ਹਾਂ।

ਲਕਸ਼ਮੀ ਨੂੰ ਭੰਡਾਰਗ੍ਰਹਿ ਵਿੱਚ ਬੈਠਾ ਕੇ ਨਗਰ ਸੇਠ ਦਰਿਦਰਾ ਦੇ ਕੋਲ ਗਿਆ। ਬੜੇ ਨਿਮਰਤਾ ਭਾਵ ਨਾਲ ਬੋਲਿਆ- ਰੂਪ ਦੀ ਦੇਵੀ, ਆਪ ਦੀ ਸੁੰਦਰਤਾ ਦਾ ਮੈਂ ਬਿਆਨ ਨਹੀਂ ਕਰ ਸਕਦਾ। ਆਪ





ਜ਼ਰਾ ਮੁੜ ਕੇ ਚਲੋ ਤਾਂ ਸਹੀ।

ਦਰਿਦਰਾ ਮੁੜ ਕੇ ਹਵੇਲੀ ਦੀ ਉਲਟੀ ਦਿਸ਼ਾ ਵਿੱਚ ਚੱਲਣ ਲੱਗੀ। ਨਗਰ ਸੇਠ ਦਰਿਦਰਾ ਦੇ ਰੂਪ ਅਤੇ ਚਾਲ ਦੀ ਪ੍ਰਸੰਸਾ ਕਰਦਾ ਰਿਹਾ। ਦਰਿਦਰਾ ਖੁਸ਼ੀ ਨਾਲ ਫੁੱਲੀ ਨਹੀਂ ਸਮਾ ਰਹੀ ਸੀ। ਉਹ ਚਲਦੇ-ਚਲਦੇ ਕਾਫੀ ਦੂਰ ਨਿਕਲ ਗਈ ਤਾਂ ਉਸਨੇ ਫੈਸਲਾ ਸੁਣਾਇਆ – ਦੇਵੀ, ਆਪ ਮੇਰੀ ਹਵੇਲੀ ਤੋਂ ਦੂਰ ਜਾਂਦੀ ਐਨੀ ਸੁੰਦਰ ਲਗ ਰਹੀ ਹੋ ਕਿ ਹਜ਼ਾਰ ਲਕਸ਼ਮੀਆਂ ਵੀ ਆਪ ਦੇ ਮੁਕਾਬਲੇ ਵਿੱਚ ਨਹੀਂ ਠਹਿਰ ਸਕਦੀਆਂ। ਮੈਂ ਤਾਂ ਕਹਿੰਦਾ ਹਾਂ ਕਿ ਆਪ ਵਰਗੀ ਬ੍ਰਹਮੰਡ ਸੁੰਦਰੀ ਦਾ ਲਕਸ਼ਮੀ ਦੇ ਨਾਲ ਟਹਿਲਣਾ ਸ਼ੋਭਾ ਨਹੀਂ ਦਏਗਾ।

ਦਰਿਦਰਾ ਨੂੰ ਉਸਦੀ ਗੱਲ ਜੱਚ ਗਈ। ਉਹ ਇਕੱਲੇ ਹੀ ਅਗੇ ਵਧ ਗਈ। ਵਾਪਸ ਆ ਕੇ ਨਗਰ ਸੇਠ ਭੰਡਾਰ ਗ੍ਰਹਿ ਦੇ ਅੰਦਰ ਗਿਆ। ਜਿਥੇ ਉਸਨੇ ਬੜੀ ਚਲਾਕੀ ਨਾਲ ਲਕਸ਼ਮੀ ਨੂੰ ਪੱਟੀ-ਪੜਾਈ– ਦੇਵੀ, ਮੈਂ ਦਰਿਦਰਾ ਦੇ ਨਾਲ ਥੋੜੀ ਦੂਰ ਤੁਰਿਆ ਤਾਂ ਅਸਲੀਅਤ ਸਾਹਮਣੇ ਆ ਗਈ। ਮੈਂ ਉਥੇ ਹੀ ਫੈਸਲਾ ਸੁਣਾ ਦਿਤਾ ਕਿ ਆਪ ਲਕਸ਼ਮੀ ਦੇ ਮੁਕਾਬਲੇ ਰੂਪ-ਰੰਗ, ਚਾਲ-ਢਾਲ ਅਤੇ ਗੱਲਬਾਤ ਵਿੱਚ ਕਿਤੇ ਨਹੀਂ ਠਹਿਰਦੀ। ਐਨਾ ਸੁਣਦੇ ਹੀ ਉਹ ਖਿਝ ਕੇ ਜਾਣ ਲੱਗੀ। ਮੈਂ ਉਹਨਾਂ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਕਿ ਚਲ ਕੇ ਆਪਣੀ ਭੈਣ ਨਾਲ ਮਿਲ ਲਉ। ਅੱਜ ਰਾਤ ਮੇਰੇ ਇਥੇ ਮਹਿਮਾਨ ਬਣ ਕੇ ਰਹੋ, ਲੇਕਿਨ ਉਸ ਨੇ ਮੇਰੀ ਇਕ ਨਹੀਂ ਸੁਣੀ।

ਉਸ ਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ। – ਲਕਸ਼ਮੀ ਆਪਣੀ ਸ੍ਰੇਸ਼ਠਤਾ ਦੀ ਖੁਸ਼ੀ ਵਿੱਚ ਝੂੰਮਦੀ ਹੋਈ ਬੋਲੀ।

ਖੈਰ ਉਸ ਦੀ ਗੱਲ ਜਾਣ ਦਿਉ।– ਨਗਰ ਸੇਠ ਨੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ – ਦੇਵੀ, ਆਪ ਤਾਂ ਮੇਰੇ ਇਥੇ ਹੀ ਰੁਕੋ।

ਚੰਗੀ ਗੱਲ ਹੈ, ਮੈਨੂੰ ਜਿਥੇ ਇਜਤ-ਮਾਣ ਮਿਲਦਾ ਹੈ ਮੈਂ ਉਥੇ ਰੁਕਦੀ ਹਾਂ। – ਲਕਸ਼ਮੀ ਨੇ ਜਵਾਬ ਦਿੱਤਾ।

ਕਹਿੰਦੇ ਹਨ, ਤਦ ਤੋਂ ਲਕਸ਼ਮੀ ਸਨਮਾਨ ਸਹਿਤ ਹਵੇਲੀਆਂ ਦੇ ਭੰਡਾਰਗ੍ਰਹਿ ਵਿੱਚ ਰਹਿੰਦੀ ਆ ਰਹੀ ਹੈ। ਰਹੀ ਦਰਿਦਰਾ ਦੀ ਗੱਲ, ਉਹ ਤਾਂ ਬ੍ਰਹਮੰਡ ਸੁੰਦਰੀ ਦੇ ਭਰਮ ਵਿੱਚ ਗਵਾਚੀ ਲਕਸ਼ਮੀ ਦੇ ਪਰਛਾਵੇਂ ਤੋਂ ਵੀ ਦੂਰ ਭੱਜਦੀ ਹੈ। ■



# ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ



''ਪੂਜਯ ਮਾਤਾ ਜੀ ਦੇ ਹਿਰਦੇ ਵਿੱਚ ਬੱਚਿਆਂ ਦੇ ਪ੍ਰਤੀ ਬੇਹੱਦ ਪਿਆਰ ਅਤੇ ਦੁਲਾਰ ਸੀ। ਅਪਣੀ ਮਮਤਾ ਲੁਟਾਉਣ ਲਈ ਇਹ ਦੈਵੀ-ਵਿਭੂਤੀ ਹਰ ਸਮੇਂ ਤਿਆਰ ਰਹਿੰਦੀ ਸੀ। ਆਪ ਸੰਗਤ ਦੇ ਬੱਚੇ-ਬੱਚੀਆਂ ਦੇ ਜੀਵਨ ਨੂੰ ਸੁੰਦਰ ਅਤੇ ਆਦਰਸ਼ ਰੂਪ ਵਿੱਚ ਵੇਖਣਾ ਚਾਹੁੰਦੇ ਸਨ।''

ਸੰਪੂਰਣ ਧਰਤੀ ਤੇ ਵੱਸਣ ਵਾਲੇ ਇਨਸਾਨਾਂ ਦੇ ਲਈ ਸੁੱਖ-ਸ਼ਾਂਤੀ, ਆਨੰਦ ਦੀ ਸਥਾਪਨਾ ਦੇ ਲਈ ਜਤਨਸ਼ੀਲ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ 17 ਮਈ 2016 ਨੂੰ ਸਤਿਗੁਰੂ ਰੂਪ ਵਿੱਚ ਪ੍ਰਗਟ ਹੋਏ ਸਨ।

ਮਾਤਾ ਸਵਿੰਦਰ ਜੀ ਦਾ ਜਨਮ 12 ਜਨਵਰੀ 1957 ਨੂੰ ਯਮੁਨਾਨਗਰ ਨਿਵਾਸੀ ਸ਼੍ਰੀ ਮਨਮੋਹਨ ਸਿੰਘ ਜੀ ਅਤੇ ਸ਼੍ਰੀਮਤੀ ਅੰਮ੍ਰਿਤ ਕੌਰ ਜੀ ਦੇ ਪਰਿਵਾਰ ਵਿੱਚ ਹੋਇਆ। ਆਪਦਾ ਲਾਲਨ-ਪਾਲਨ ਫਰੁੱਖਾਬਾਦ ਨਿਵਾਸੀ ਸ਼੍ਰੀ ਗੁਰਮੁੱਖ ਸਿੰਘ ਆਨੰਦ ਜੀ ਅਤੇ ਸ਼੍ਰੀਮਤੀ ਮਦਨ ਕੌਰ ਜੀ ਨੇ ਕੀਤਾ, ਜਿਨ੍ਹਾਂ ਨੇ ਬਚਪਨ ਵਿੱਚ ਹੀ ਆਪਨੂੰ ਗੋਦ ਲੈ ਲਿਆ ਸੀ।

ਆਪਦੀ ਮੁੱਢਲੀ ਸਿੱਖਿਆ ਫਰੁੱਖਾਬਾਦ ਵਿੱਚ ਹੀ ਹੋਈ। ਇਸ ਤੋਂ ਬਾਅਦ ਸੰਨ 1966 ਵਿੱਚ ਆਪਨੇ ਅੱਗੇ ਦੀ ਸਿੱਖਿਆ ਜੀਜਸ ਐਂਡ ਮੈਰੀ ਕਾਨਵੇਂਟ ਸਕੂਲ, ਮਸੂਰੀ ਤੋਂ ਪ੍ਰਾਪਤ ਕੀਤੀ। ਸੰਨ 1973 ਵਿੱਚ ਆਪਨੇ ਸੀਨੀਅਰ ਸੰਕੈਂਡਰੀ ਦੀ ਪਰੀਖਿਆ ਪਾਸ ਕੀਤੀ। ਉੱਚ ਸਿੱਖਿਆ ਆਪਨੇ ਦਿੱਲੀ ਦੇ ਦੌਲਤਰਾਮ ਕਾਲਿਜ ਤੋਂ ਪ੍ਰਾਪਤ ਕੀਤੀ।

14 ਨਵੰਬਰ 1975 ਨੂੰ ਆਪਦੀ ਸ਼ਾਦੀ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਜੀ ਅਤੇ ਨਿਰੰਕਾਰੀ ਰਾਜਮਾਤਾ ਕੁਲਵੰਤ ਕੌਰ ਜੀ ਦੇ ਸਪੁੱਤਰ ਸ਼੍ਰੀ ਹਰਦੇਵ ਸਿੰਘ ਜੀ ਦੇ ਨਾਲ ਨਿਰੰਕਾਰੀ ਪ੍ਰੰਪਰਾ ਅਨੁਸਾਰ ਸਾਦਾ ਰੂਪ ਵਿੱਚ ਸੰਪੰਨ ਹੋਈ, ਜੋ ਬਾਅਦ ਵਿੱਚ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਰੂਪ ਵਿੱਚ ਪ੍ਰਗਟ ਹੋਏ। ਆਪ ਦੀਆਂ ਤਿੰਨ ਸਪੁੱਤਰੀਆਂ ਹਨ- ਸਮਤਾ ਜੀ, ਰੇਣੂਕਾ ਜੀ ਅਤੇ ਸੁਦੀਕਸ਼ਾ ਜੀ। ਤਿੰਨਾਂ ਦਾ ਪਾਲਨ-ਪੋਸ਼ਣ ਆਪਨੇ ਅਪਣੀ ਮਮਤਾ ਦੀ ਛਾਂ ਹੇਠ ਪੂਰਣ ਜ਼ਿੰਮੇਦਾਰੀ ਦੇ ਨਾਲ ਕੀਤਾ ਅਤੇ ਗ੍ਰਹਿਸਥ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾਇਆ।

ਸ਼ਾਦੀ ਤੋਂ ਬਾਅਦ 1975 ਅਤੇ 1976 ਵਿੱਚ ਆਪ ਆਪਣੇ ਪਤੀ ਸ਼੍ਰੀ ਹਰਦੇਵ ਸਿੰਘ ਜੀ ਦੇ ਨਾਲ, ਬਾਬਾ ਗੁਰਬਚਨ ਸਿੰਘ ਜੀ ਅਤੇ ਨਿਰੰਕਾਰੀ ਰਾਜਮਾਤਾ ਜੀ ਰਾਹੀਂ ਕੀਤੀ ਗਈ ਵਿਸ਼ਵ ਕਲਿਆਣ ਯਾਤਰਾਵਾਂ ਵਿੱਚ ਸਹਿਭਾਗੀ ਰਹੇ।

ਸਾਲ 1980 ਵਿੱਚ ਯੁਗਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ ਦੇ ਬ੍ਰਹਮਲੀਨ ਹੋਣ ਦੇ ਬਾਅਦ ਉਸ ਸਮੇਂ ਦੇ ਵਿਪਰੀਤ ਅਤੇ ਚੁਨੌਤੀਪੂਰਣ ਵਾਤਾਵਰਣ ਵਿੱਚ ਆਪਦੇ ਪਤੀ ਸ਼੍ਰੀ ਹਰਦੇਵ ਸਿੰਘ ਜੀ ਨੂੰ ਸੰਤ ਨਿਰੰਕਾਰੀ ਮਿਸ਼ਨ ਦੀ ਬਾਗਡੋਰ ਸੌਂਪੀ ਗਈ, ਉਦੋਂ ਤੋਂ ਪੂਜਯ ਮਾਤਾ ਜੀ ਉਨ੍ਹਾਂ ਦਾ ਸਾਇਆ ਬਣ ਕੇ ਹਰ ਸਮੇਂ ਸਤਿਗੁਰੂ ਦੇ ਕਦਮ ਨਾਲ ਕਦਮ ਮਿਲਾ ਕੇ ਚਲਦੀ ਰਹੀ। ਸਤਿਗੁਰੂ ਬਾਬਾ ਜੀ ਦੇ ਨਾਲ ਪ੍ਰਬੰਧ ਦੇ ਕੰਮਾਂ ਵਿੱਚ ਵੀ ਆਪਨੇ ਹਮੇਸ਼ਾ ਸਹਿਯੋਗ ਕੀਤਾ। ਜਨਰਲ ਬਾਡੀ ਮੀਟਿੰਗਜ਼ ਵਿੱਚ ਆਪ ਹਮੇਸ਼ਾ ਸ਼ਾਮਿਲ ਰਹੇ ਅਤੇ ਪ੍ਰਬੰਧਕੀ ਸੂਝ-ਬੂਝ ਹਾਸਿਲ ਕੀਤੀ। ਕਲਿਆਣ ਯਾਤਰਾਵਾਂ ਹੋਣ ਜਾਂ ਪ੍ਰੀਵਾਰਿਕ ਜ਼ਿੰਮੇਦਾਰੀਆਂ, ਆਪਨੇ ਹਰ ਸਮੇਂ ਸਤਿਗੁਰੂ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਦਾ ਜਤਨ ਕੀਤਾ। ਹਮੇਸ਼ਾ ਸ਼ਾਂਤ ਰਹਿ ਕੇ ਸਭ ਨੂੰ ਪਿਆਰ ਅਤੇ ਦੁਲਾਰ ਦੇਣਾ ਆਪਦੇ ਵਿਅਕਤੀਤਵ ਦੀ ਵਿਸ਼ੇਸ਼ਤਾ ਸੀ।

ਆਪਦੇ ਹਿਰਦੇ ਵਿੱਚ ਦਇਆ ਅਤੇ ਕਰੁਣਾ ਦਾ ਭਾਵ ਹਮੇਸ਼ਾ ਪ੍ਰਬਲ ਰਿਹਾ। ਆਪ ਸਭ ਨੂੰ ਸਹਿਨਸ਼ੀਲਤਾ ਦਾ ਪਾਠ ਪੜਾਉਂਦੇ ਰਹੇ। ਆਪ ਹਮੇਸ਼ਾ ਹਰ ਗੁਰਸਿੱਖ-ਸੇਵਾਦਾਰ ਦਾ ਹਰ ਤਰ੍ਹਾਂ ਨਾਲ ਧਿਆਨ ਰੱਖਦੇ ਸਨ।

ਮਾਤਾ ਸਵਿੰਦਰ ਜੀ ਹਰ ਖੇਤਰ ਵਿੱਚ ਭੈਣਾਂ ਨੂੰ ਆਤਮ-ਨਿਰਭਰ ਕਰਨ ਲਈ ਜਤਨਸ਼ੀਲ ਰਹੇ। ਸਮਾਜ ਕਲਿਆਣ ਦੇ ਕੰਮਾਂ ਵਿੱਚ ਜਿੱਥੇ ਆਪ ਦੀ ਰੁਚੀ ਰਹੀ ਉਥੇ ਆਪ ਰੁੱਖ ਲਗਾਓ ਅਤੇ ਸਿਲਾਈ-ਕਢਾਈ ਕੇਂਦਰਾਂ ਵਿੱਚ ਟ੍ਰੇਨਿੰਗ ਪ੍ਰਾਪਤ ਕਰ ਰਹੀਆਂ ਭੈਣਾਂ ਦੇ ਪ੍ਰਤੀ ਵੀ ਅਪਣੇਪਨ ਦਾ ਭਾਵ ਰੱਖਦੇ ਸਨ। ਜੇਲਾਂ ਵਿੱਚ ਕੈਦੀਆਂ ਦੇ ਜੀਵਨ ਵਿੱਚ ਸੁਧਾਰ ਅਤੇ ਅਧਿਆਤਮਿਕ ਰੂਪ ਨਾਲ ਜਾਗ੍ਰਤੀ ਪ੍ਰਦਾਨ ਕਰਨ ਲਈ ਆਪ ਜਤਨਸ਼ੀਲ ਰਹਿੰਦੇ ਸਨ।

13 ਮਈ 2016 ਨੂੰ ਜਦੋਂ ਯੁਗਦ੍ਰਿਸ਼ਟਾ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨਸ਼ਵਰ ਸ਼ਰੀਰ ਤਿਆਗ ਕੇ ਨਿਰੰਕਾਰ ਵਿੱਚ ਵਿਲੀਨ ਹੋਏ, ਉਸ ਸਮੇਂ ਆਪਨੇ 17 ਮਈ 2016 ਨੂੰ ਸੰਤ ਨਿਰੰਕਾਰੀ ਮਿਸ਼ਨ ਦੀ ਬਾਗਡੋਰ ਸੰਭਾਲੀ।

ਸਤਿਗੁਰੂ ਰੂਪ ਵਿੱਚ ਪ੍ਰਗਟ ਮਾਤਾ ਸਵਿੰਦਰ ਜੀ ਨੇ ਅਪਣੇ ਪਹਿਲੇ ਸੰਬੋਧਨ ਵਿੱਚ ਕਿਹਾ 'ਬਾਬਾ ਜੀ ਪ੍ਰੇਮ ਦੇ ਮੂਰਤ ਰੂਪ ਸਨ। ਉਹ ਸਭ ਦੀਆਂ ਗਲਤੀਆਂ ਵੀ ਪਿਆਰ ਨਾਲ ਮਾਫ਼ ਕਰਕੇ ਟਾਲ ਦਿੰਦੇ ਸਨ। ਕੁਝ ਵੀ ਹੋਵੇ, ਸਿਰਫ਼ ਪਿਆਰ ਹੀ ਪਿਆਰ ਦੇਂਦੇ ਸਨ। ਬਾਬਾ ਜੀ ਵੀ ਚਾਹੁੰਦੇ ਸਨ ਕਿ ਸਾਡਾ ਆਪਸੀ ਪਿਆਰ ਬਹੁਤ ਜ਼ਿਆਦਾ ਹੋਵੇ। ਅੱਜ ਅਸੀਂ ਸਭ ਮਿਲ ਕੇ ਇਹ ਕਸਮ ਖਾਈਏ ਅਤੇ ਮਿਲ-ਜੁਲ ਕੇ ਸਭ ਨਾਲ ਪਿਆਰ ਕਰਦੇ ਹੋਏ ਅੱਗੇ ਵੱਧੀਏ ਅਤੇ ਇਸ ਮਿਸ਼ਨ ਨੂੰ ਅੱਗੇ ਤੋਂ ਅੱਗੇ ਪਹੁੰਚਾਈਏ।'

17 ਮਈ 2016 ਤੋਂ 16 ਜੁਲਾਈ 2018 ਦੇ ਦੌਰਾਨ ਸਤਿਗੁਰੂ ਰੂਪ ਵਿਚ ਆਪਨੇ ਜਿੱਥੇ ਭਾਰਤ ਦੇ ਅਲਗ-ਅਲਗ ਰਾਜਾਂ- ਮਹਾਂਰਾਸ਼ਟਰ, ਤੇਲੰਗਾਨਾ, ਪੱਛਮੀ ਬੰਗਾਲ, ਉੜੀਸਾ, ਆਂਧਰ-ਪ੍ਰਦੇਸ਼, ਤਾਮਿਲਨਾਡੂ, ਕਰਨਾਟਕ, ਉਤੱਰਾਖੰਡ, ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਪੰਜਾਬ, ਹਰਿਆਣਾ, ਸਿੱਕਮ ਆਦਿ ਰਾਜਾਂ ਦੀ ਕਲਿਆਣ ਯਾਤਰਾ ਕੀਤੀ, ਉਥੇ ਦੂਰ-ਦੇਸ਼ਾਂ ਦੀ ਕਲਿਆਣ ਯਾਤਰਾ ਦੇ ਅੰਤਰਗਤ ਨੇਪਾਲ, ਅਮਰੀਕਾ, ਕਨਾਡਾ, ਯੂ.ਕੇ. ਅਤੇ ਖਾੜੀ ਦੇਸ਼ਾਂ ਵਿੱਚ ਵੱਸੇ ਭਗਤਜਨਾਂ ਨੂੰ ਵੀ ਅਪਣੇ ਦੈਵੀ-ਦਰਸ਼ਨਾਂ ਨਾਲ ਕ੍ਰਿਤਾਰਥ ਕੀਤਾ।

ਸਤਿਗੁਰੂ ਮਾਤਾ ਜੀ ਨੇ 69ਵੇਂ ਅਤੇ 70ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮਾਂ ਦੀ ਦੈਵੀ ਰਹਿਨੁਮਾਈ ਕੀਤੀ ਅਤੇ ਵਿਸ਼ਵ ਭਰ ਤੋਂ ਆਏ ਸ਼ਰਧਾਲੂ-ਭਗਤਾਂ ਨੂੰ ਅਪਣਾ ਪਾਵਨ ਅਸ਼ੀਰਵਾਦ ਪ੍ਰਦਾਨ ਕੀਤਾ। ਮਹਾਂਰਾਸ਼ਟਰ ਦੇ ਦੋ ਸਮਾਗਮ ਮੁਬੰਈ ਵਿੱਚ ਅਤੇ ਪੂਰਵੋਤਰ ਰਾਜਾਂ ਦੇ ਦੋ ਸਮਾਗਮ ਕੋਲਕਾਤਾ ਅਤੇ ਸਿਲੀਗੁੜੀ ਵਿੱਚ ਸਤਿਗੁਰੂ ਮਾਤਾ ਜੀ ਦੀ ਪਾਵਨ ਛੱਤਰਛਾਇਆ ਹੇਠ ਆਯੋਜਿਤ ਕੀਤੇ ਗਏ। ਉੱਤਰ ਪ੍ਰਦੇਸ਼ ਦਾ ਰਾਜ ਪੱਧਰੀ ਸਮਾਗਮ ਵੀ ਵਾਰਾਣਸੀ ਵਿੱਚ ਸੰਪੰਨ ਹੋਇਆ। ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਰਾਹੀਂ ਰਚਿਤ 'ਸੰਪੂਰਣ ਹਰਦੇਵ ਬਾਣੀ' ਪ੍ਰਕਾਸ਼ਿਤ ਕਰਵਾ ਕੇ ਆਪਨੇ ਮਾਨਵ ਸਮਾਜ ਨੂੰ ਅਰਪਿਤ ਕੀਤਾ।

ਮਾਨਵ ਸਮਾਜ ਸੇਵਾਰਥ ਆਪ ਰਾਹੀਂ ਕੀਤੇ ਜਾ ਰਹੇ ਕੰਮਾਂ ਨੂੰ ਮਾਨਤਾ ਪ੍ਰਦਾਨ ਕਰਦੇ ਹੋਏ ਲਾਈਫ ਕਾਈਰੋਪ੍ਰੈਕਿਟਕ ਕਾਲਿਜ ਵੈਸਟ ਸੰਸਥਾ (ਅਮਰੀਕਾ) ਰਾਹੀਂ ਆਪਨੂੰ 'ਸਰਵਿਸ ਟੂ ਹਿਮਯੂਨਿਟੀ ਅਵਾਰਡ 2017' ਨਾਲ ਸਨਮਾਨਿਤ ਕੀਤਾ ਗਿਆ। ਅਮਰੀਕਾ ਦੀ ਸੰਸਥਾ 'ਵੀ ਕੇਅਰ ਫਾਰ ਹਿਮਯੂਮਿਨਿਟੀ' ਰਾਹੀਂ ਵੀ ਇਸ ਸਾਲ 2018 ਦਾ 'ਸਰਵਸ਼੍ਰੇਸ਼ਠ ਅਧਿਆਤਮਿਕ ਵਿਭੂਤੀ ਅਵਾਰਡ' ਆਪਨੂੰ ਪ੍ਰਦਾਨ ਕੀਤਾ ਗਿਆ।

ਇਨ੍ਹਾਂ ਅਧਿਆਤਮਿਕ ਪ੍ਰੋਗਰਾਮਾਂ ਦੇ ਨਾਲ-ਨਾਲ ਸਤਿਗੁਰੂ ਮਾਤਾ ਜੀ ਨੇ ਮਾਨਵ ਸੇਵਾ ਦੇ ਕੰਮਾਂ ਵੱਲ ਵੀ ਪੂਰਾ-ਪੂਰਾ ਧਿਆਨ ਦਿੱਤਾ। ਫਰਵਰੀ 2017 ਵਿੱਚ ਗੁਰੂ ਪੂਜਾ ਦੇ ਅਵਸਰ ਤੇ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੀ ਨਿਗਰਾਨੀ ਹੇਠ ਦੇਸ਼ ਦੇ 263 ਵੱਡੇ ਰੇਲਵੇ ਸਟੇਸ਼ਨਾਂ ਦੀ ਸਫ਼ਾਈ ਕੀਤੀ ਗਈ। ਇਸ ਸਾਲ 2018 ਵਿੱਚ ਇਸੀ ਦਿਨ ਦੇਸ਼ ਦੇ 275 ਵੱਡੇ ਸ਼ਹਿਰਾਂ ਦੇ 635 ਸਰਕਾਰੀ ਹਸਪਤਾਲਾਂ ਵਿੱਚ ਸਵੱਛਤਾ ਮੁਹਿੰਮ ਚਲਾਈ ਗਈ।

ਵਿਸ਼ਵ ਵਾਤਾਵਰਣ ਦਿਵਸ ਤੇ 5 ਜੂਨ 2017 ਨੂੰ ਫਾਊਂਡੇਸ਼ਨ ਦੀ ਨਿਗਰਾਨੀ ਹੇਠ 8 ਪਹਾੜੀ ਥਾਵਾਂ ਤੇ ਰੁੱਖ ਲਗਾਏ ਗਏ ਅਤੇ ਸਫ਼ਾਈ ਮੁਹਿੰਮ ਚਲਾਈ ਗਈ।

ਸਤਿਗੁਰੂ ਮਾਤਾ ਜੀ ਦੀ ਪ੍ਰੇਰਣਾ ਨਾਲ 2017-18 ਵਿੱਚ 514 ਖ਼ੂਨਦਾਨ ਕੈਂਪ ਆਯੋਜਿਤ ਕੀਤੇ ਗਏ ਜੋ ਕਿ ਇਕ ਰਿਕਾਰਡ ਹਨ।ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਨੇ ਮਾਨਵ-ਮਾਤਰ ਨੂੰ ਹਮੇਸ਼ਾ ਸਮਰਪਿਤ ਭਾਵ ਨਾਲ ਜੀਵਨ ਜੀਣ ਦੀ ਸਿੱਖਿਆ ਦਿੱਤੀ ਅਤੇ ਅਪਣੇ ਕਰਮ ਰਾਹੀਂ ਵੀ ਸਮਰਪਣ ਦੀ ਇਸ ਭਾਵਨਾ ਨੂੰ ਸਾਕਾਰ ਸਵਰੂਪ ਪ੍ਰਦਾਨ ਕੀਤਾ।

5 ਅਗਸਤ, 2018 ਨੂੰ ਆਪ ਨਸ਼ਵਰ ਸ਼ਰੀਰ ਤਿਆਗ ਕੇ ਨਿਰੰਕਾਰ ਵਿੱਚ ਲੀਨ ਹੋ ਗਏ। ਆਪ ਦੀ ਸੇਵਾ, ਭਗਤੀ, ਸਮਰਪਣ ਅਤੇ ਮਾਰਗਦਰਸ਼ਨ ਹਮੇਸ਼ਾ-ਹਮੇਸ਼ਾ ਜਿਥੇ ਮਾਨਵ ਮਨਾਂ ਵਿੱਚ ਵਸਿਆ ਰਹੇਗਾ, ਉਥੇ ਅਧਿਆਤਮਕ ਮਾਰਗ ਦੇ ਰਾਹੀਆਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਵਿੱਚ ਸਹਾਇਕ ਸਿੱਧ ਹੋਵੇਗਾ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ) ਸਾਬਣ ਕਪੜਿਆਂ ਵਿਚ ਲੁਕਿਆ ਮੈਲ ਕਿਉਂ ਸਾਫ ਕਰ ਦਿੰਦੀ ਹੈ?

ਉੱਤਰ) ਸਾਬਣ ਦਾ ਅਣੂ ਦੋ ਭਾਗਾਂ ਨਾਲ ਬਣਿਆ ਹੁੰਦਾ ਹੈ - ਗੈਰਆਇਨਿਕ ਗਰੁਪ ਅਤੇ ਆਇਨਿਕ ਗਰੁਪ। ਸਾਬਣ ਅਣੂ ਦਾ ਗੈਰਆਇਨਿਕ ਹਾਇਡ੍ਰੋਕਾਰਬਨ ਭਾਗ ਪਾਣੀ ਨੂੰ ਦੂਰ ਕਰਨ ਵਾਲਾ ਹੈ। ਪਰੰਤੂ ਮਿੱਟੀ ਅਤੇ ਗ੍ਰੀਸ ਤੱਤਾਂ ਨੂੰ ਘੋਲ ਲੈਂਦਾ ਹੈ।

ਸਾਬਣ ਅਣੂ ਦਾ ਆਇਨਿਕ ਭਾਗ ਪਾਣੀ ਦੇ ਅਣੂਆਂ ਦੇ ਨਾਲ ਜੁੜ ਜਾਂਦਾ ਹੈ। ਇਸ ਲਈ ਮਿੱਟੀ ਅਤੇ ਮੈਲ ਨੂੰ ਕਪੜਿਆਂ ਵਿਚੋਂ ਹਟਾ ਕੇ ਕਪੜਿਆਂ ਨੂੰ ਸਾਫ ਕਰ ਦਿੰਦਾ ਹੈ।

ਪ੍ਰਸ਼ਨ) ਸੁੱਕੀ ਰੇਤ ਪਾਉਣ ਨਾਲ ਅੱਗ ਕਿਉਂ ਬੁੱਝ ਜਾਂਦੀ ਹੈ?

ਉੱਤਰ) ਜਦ ਬਲਦੀ ਅੱਗ ਤੇ ਸੁੱਕੀ ਰੇਤ ਪਾਈ ਜਾਂਦੀ ਹੈ ਤਾਂ ਉਸ ਨੂੰ ਆਕਸੀਜਨ ਮਿਲਣੀ ਬੰਦ ਹੋ ਜਾਂਦੀ ਹੈ। ਆਕਸੀਜਨ ਦੇ ਨਾ ਹੋਣ ਕਾਰਣ ਅੱਗ ਬਲਦੀ ਨਹੀਂ ਹੈ। ਇਸ ਲਈ ਅੱਗ ਉਤੇ ਸੁੱਕੀ ਰੇਤ ਪਾਉਣ ਨਾਲ ਅੱਗ ਝਟਪਟ ਬੁਝ ਜਾਂਦੀ ਹੈ।

ਪ੍ਰਸ਼ਨ) ਧੋਣ ਤੋਂ ਬਾਅਦ ਸੂਤੀ ਕਪੜਿਆਂ ਦੀ ਤੁਲਨਾ ਵਿਚ ਪਾਲਿਸਟਰ ਦੇ ਕਪੜੇ ਜਲਦੀ ਕਿਉਂ ਸੁੱਕ ਜਾਂਦੇ ਹਨ?

ਉੱਤਰ) ਪਾਲਿਸਟਰ ਦੇ ਤੰਤੂ ਪਾਣੀ ਨਹੀਂ ਸੋਕਦੇ ਹਨ। ਇਸ ਲਈ ਪੋਲਿਸਟਰ ਦੇ ਬਣੇ ਕਪੜੇ ਸੂਤੀ ਦੀ ਤੁਲਨਾ ਵਿਚ ਜਲਦੀ ਸੁੱਕ ਜਾਂਦੇ ਹਨ।

ਪ੍ਰਸ਼ਨ) ਸਵਿੱਚ ਦਬਾਣ ਤੇ ਬਲਬ ਦੀ ਤੁਲਨਾ ਵਿਚ ਟਿਊਬਲਾਈਟ ਨੂੰ ਜਗਣ ਵਿਚ ਸਮਾਂ ਕਿਉਂ ਲੱਗਦਾ ਹੈ?

ਉੱਤਰ) ਤੁਸੀਂ ਅਕਸਰ ਆਪਣੇ ਘਰਾਂ ਵਿਚ ਵੇਖਿਆ ਹੈ ਕਿ ਬਲਬ ਤਾਂ ਸਵਿੱਚ ਦਬਾਂਦੇ ਹੀ ਜਗ ਉਠਦਾ ਹੈ ਪਰੰਤੂ ਟਿਊਬਲਾਈਟ ਨੂੰ ਜਗਣ ਵਿਚ ਸਮਾਂ ਲਗਦਾ ਹੈ। ਕੀ ਤੁਸੀਂ ਸੋਚਿਆ ਹੈ ਕਿ ਇਸ ਤਰ੍ਹਾਂ ਕਿਉਂ ਹੁੰਦਾ ਹੈ? ਦਰਅਸਲ, ਜੇਕਰ ਵੋਲਟੇਜ ਘੱਟ ਹੋਵੇ ਜਾਂ ਸਟਾਰਟਰ ਚੋਕ ਵਿਚ ਕੋਈ ਕਮੀ ਹੋਵੇ ਤਾਂ ਟਿਊਬਲਾਈਟ ਦੇ ਜਗਣ ਵਿਚ ਰੁਕਾਵਟ ਆਉਂਦੀ ਹੈ ਪਰੰਤੂ ਘੱਟ ਵੋਲਟੇਜ ਵਿਚ ਬਲਬ ਜਗ ਜਾਂਦਾ ਹੈ। ❑

❑ ਰਾਜਕੁਮਾਰ 'ਜੈਨ'

# ਪੜ੍ਹ ਕੇ ਮੌਜ ਮਨਾਉਂਦੇ



ਕਈ ਖੇਡ-ਦੇ ਵਿੱਚ ਮਸਤ ਹੋ ਰਹਿੰਦੇ,
ਕਈ ਪੜ੍ਹ ਕੇ ਮੌਜ ਮਨਾਉਂਦੇ ਨੇ।
ਪੜ੍ਹਦੇ-ਲਿਖਦੇ ਹੱਸਦੇ-ਖੇਡਦੇ,
ਉਹ ਨਵੀਂ ਦਿਸ਼ਾ ਨੂੰ ਪਾਉਂਦੇ ਨੇ।

ਮਹਾਂਪੁਰਸ਼ਾਂ ਦੀਆਂ ਪ੍ਰੇਰਕ-ਕਥਾਵਾਂ,
ਵਿਗਿਆਨ ਦੇ ਨਵੇਂ-ਨਵੇਂ ਚਮਤਕਾਰ।
ਵਿਸ਼ਵ-ਚੱਕਰ ਦਾ ਗਿਆਨ ਕਰਾਵਣ,
ਸਭ ਨੂੰ ਪੁਸਤਕਾਂ ਅਤੇ ਅਖ਼ਬਾਰ।

ਨਵੀਆਂ-ਨਵੀਆਂ ਗੱਲਾਂ ਦਾ ਝੱਟ,
ਪਤਾ ਵੀ ਲੱਗਦਾ ਜਾਂਦਾ ਹੈ।
ਜੋ ਇਨ੍ਹਾਂ ਤੋਂ ਵਾਂਝਾ ਰਹੇ,
ਜੀਵਨ ਉਹ ਵਿਅਰਥ ਗਵਾਂਦਾ ਹੈ।

ਪੜ੍ਹਦਾ-ਲਿਖਦਾ ਬਾਲਕ ਹੀ,
ਸਭ ਦੇ ਮਨ ਨੂੰ ਭਾਉਂਦਾ।
ਹਰ ਇਕ ਦਾ ਉਹ ਭਲਾ ਕਰੇ,
ਸਦਾ ਸੁਖ-ਚੈਨ ਹੈ ਪਾਉਂਦਾ।

ਗਾਗਰ ਵਿੱਚ ਜੋ ਸਾਗਰ ਭਰਦੇ,
ਸਨੇਹ-ਸਨਮਾਨ ਉਹ ਪਾਉਂਦੇ ਨੇ।
ਕਈ ਖੇਡਾਂ ਦੇ ਵਿੱਚ ਮਸਤ ਰਹਿੰਦੇ,
ਕਈ ਪੜ੍ਹ ਕੇ ਮੌਜ ਮਨਾਉਂਦੇ ਨੇ।

ਕਹਾਣੀ : ਮੇਘਾ ਮੈਡਮ

# ਕਰੋਗੇ ਸੇਵਾ ਤਾਂ ਮਿਲੇਗਾ ਮੇਵਾ



**ਹਲਦੀ** ਅਤੇ ਸੁੰਡ ਦੋ ਪੱਕੀਆਂ ਸਹੇਲੀਆਂ ਸਨ। ਦੋਵੇਂ ਇਕ ਹੀ ਪਿੰਡ ਵਿੱਚ ਨਾਲ-ਨਾਲ ਰਹਿੰਦੀਆਂ ਸਨ। ਹਲਦੀ ਤਾਂ ਸੀ ਬੜੀ ਬੁੱਧੀਮਾਨ ਅਤੇ ਹਰ ਕੰਮ ਵਿੱਚ ਰੁਚੀ ਰੱਖਣ ਵਾਲੀ ਪਰ ਸੁੰਡ ਪਹਿਲੇ ਦਰਜ਼ੇ ਦੀ ਕੰਮਚੋਰ ਅਤੇ ਆਲਸੀ ਸੀ। ਵਾਰਸ਼ਿਕ ਪ੍ਰੀਖਿਆ ਦੇ ਬਾਦ ਜਦ ਗਰਮੀਆਂ ਦੀਆਂ ਛੁੱਟੀਆਂ ਆਈਆਂ ਤਦ ਹਲਦੀ ਨੇ ਸੋਚਿਆ - ਚਲੋ, ਨਾਨੀ ਦੇ ਘਰ ਛੁੱਟੀਆਂ ਕੱਟੀਏ।

ਨਾਨੀ ਦਾ ਘਰ ਕਾਫੀ ਦੂਰ ਸੀ। ਜਦ ਹਲਦੀ ਘਰ ਤੋਂ ਚਲੀ ਤਦ ਉਹਨੂੰ ਰਾਹ ਵਿੱਚ ਇਕ ਗਾਂ ਮਿਲੀ। ਗਾਂ ਦੇ ਕੋਲ ਚਾਰੇ ਪਾਸੇ ਗੋਹਾ ਖਿਲਰਿਆ ਪਿਆ ਸੀ ਅਤੇ ਉਸ ਤੇ ਮੱਖੀਆਂ ਭਿੰਨ-ਭਿੰਨਾ ਰਹੀਆਂ ਸਨ। ਗਾਂ ਨੇ ਹਲਦੀ ਨੂੰ ਵੇਖਿਆ ਤਾਂ ਬੋਲੀ- ਹਲਦੀ ਬੇਟੀ, ਜਰਾ ਮੇਰੇ ਆਸ-ਪਾਸ ਵਾਲੀ ਥਾਂ ਸਾਫ਼ ਤਾਂ ਕਰਦੀ ਜਾ, ਤਾਂਕਿ ਮੈਂ ਆਰਾਮ ਨਾਲ ਬੈਠ ਸਕਾਂ।



ਹਲਦੀ ਨੇ ਝਟਪਟ ਜਗ੍ਹਾ ਸਾਫ਼-ਸੁਥਰੀ ਕਰ ਦਿੱਤੀ ਅਤੇ ਅੱਗੇ ਵਧ ਗਈ। ਕੁਝ ਦੂਰ ਚੱਲਣ ਦੇ ਬਾਅਦ ਉਹਨੂੰ ਇਕ ਬਹੁਤ ਵੱਡਾ ਪਿੱਪਲ ਦਾ ਰੁੱਖ ਮਿਲਿਆ। ਪਿੱਪਲ ਦੇ ਹੇਠਾਂ ਪਾਟੇ ਕਾਗਜ ਅਤੇ ਬਹੁਤ ਸਾਰਾ ਕੂੜਾ-ਕਰਕਟ ਖਿਲਰਿਆ ਪਿਆ ਸੀ। ਪਿੱਪਲ ਦਾ ਰੁੱਖ ਬੋਲਿਆ- ਹਲਦੀ ਬੇਟੀ, ਮੇਰੀ ਛਾਂ ਵਿੱਚ ਬਹੁਤ ਸਾਰੇ ਲੋਕ ਆ ਕੇ ਆਰਾਮ ਤਾਂ ਕਰ ਲੈਂਦੇ ਹਨ, ਪ੍ਰੰਤੂ ਸਾਰੀ ਜਗ੍ਹਾ ਗੰਦੀ ਕਰ ਜਾਂਦੇ ਹਨ। ਕੀ ਤੂੰ ਇਹਨੂੰ ਸਾਫ਼ ਕਰ ਦਏਂਗੀ ?

ਕਿਉਂ ਨਹੀਂ ਬਾਬਾ!- ਅਜਿਹਾ ਕਹਿ ਕੇ ਹਲਦੀ ਨੇ ਵੇਖਦੇ-ਵੇਖਦੇ ਪਿੱਪਲ ਦੇ ਆਸਪਾਸ ਦੀ ਸਾਰੀ ਥਾਂ ਸਾਫ਼-ਸੁਥਰੀ ਕਰ ਦਿੱਤੀ ਅਤੇ ਫਿਰ ਅੱਗੇ ਵਧ ਗਈ।

ਥੋੜੀ ਦੇਰ ਵਿੱਚ ਉਹ ਨਾਨੀ ਦੇ ਘਰ ਜਾ ਪਹੁੰਚੀ। ਘਰ ਦੇ ਸਾਰੇ ਕੰਮਾਂ ਨੂੰ ਉਹ ਅਤੇ ਨਾਨੀ ਹਾਲਾਂਕਿ ਮਿਲ ਕੇ ਕਰਦੀਆਂ ਲੇਕਿਨ ਹਲਦੀ ਨਾਨੀ ਦੇ ਹਰ ਕੰਮ ਨੂੰ ਖੁਦ ਪੂਰਾ ਕਰਨ ਦੇ ਚੱਕਰ ਵਿੱਚ ਰਹਿੰਦੀ। ਜਿਸ ਕਾਰਣ ਨਾਨੀ ਹਲਦੀ ਤੋਂ ਬਹੁਤ ਖੁਸ਼ ਰਹਿੰਦੀ

ਅਤੇ ਉਹਨੂੰ ਬਹੁਤ ਪਿਆਰ ਕਰਦੀ। ਜਦ ਹਲਦੀ ਦੇ ਘਰ ਵਾਪਸ ਆਉਣ ਦਾ ਸਮਾਂ ਆਇਆ ਤਦ ਨਾਨੀ ਨੇ ਭਿਜੀਆਂ ਪਲਕਾਂ ਨਾਲ ਹਲਦੀ ਨੂੰ ਗਲੇ ਲਾਇਆ ਅਤੇ ਬੋਲੀ – ਤੂੰ ਤਾਂ ਹੀਰਾ ਹੈ, ਬੇਟੀ ਹੀਰਾ। ਅਜਿਹੀ ਬੇਟੀ ਪਾ ਕੇ ਸਾਡੇ ਤਾਂ ਭਾਗ ਖੁਲ੍ਹ ਗਏ। ਬੇਟੀ, ਅਗਲੀ ਛੁੱਟੀਆਂ ਵਿੱਚ ਫਿਰ ਜ਼ਰੂਰ ਆਉਣਾ, ਮੈਂ ਉਡੀਕ ਕਰਾਂਗੀ। ਫਿਰ ਨਾਨੀ ਨੇ ਹਲਦੀ ਨੂੰ ਅਨੇਕ ਕੀਮਤੀ ਤੋਹਫੇ ਦੇ ਕੇ ਵਿਦਾ ਕੀਤਾ।

ਵਾਪਸੀ ਤੇ ਹਲਦੀ ਨੂੰ ਉਹੀ ਪਿੱਪਲ ਦਾ ਰੁੱਖ ਮਿਲਿਆ ਜਿਸ ਦੀ ਹਰ ਟਹਿਣੀ ਤੇ ਸੁੰਦਰ-ਸੁੰਦਰ ਕਪੜੇ ਲਟਕੇ ਹੋਏ ਸਨ। ਪਿੱਪਲ ਦਾ ਰੁੱਖ ਬੋਲਿਆ – ਹਲਦੀ, ਤੈਨੂੰ ਜਿੰਨੇ ਕਪੜੇ ਚਾਹੀਦੇ ਹਨ ਤੂੰ ਲੈ ਲੈ। – ਹਲਦੀ ਨੇ ਕੁਝ ਸੁੰਦਰ ਕਪੜੇ ਲਏ ਅਤੇ ਅਗੇ ਚਲ ਪਈ।

ਹੁਣ ਉਹਨੂੰ ਉਹੀ ਗਾਂ ਮਿਲੀ। ਗਾਂ ਬੋਲੀ – ਹਲਦੀ ਤੈਨੂੰ ਜਿੰਨਾ ਦੁੱਧ ਚਾਹੀਦਾ ਹੈ ਪੀ ਲੈ ਅਤੇ ਮੇਰੇ ਇਸ ਵੱਛੇ ਨੂੰ ਆਪਣੇ ਘਰ ਲੈਂਦੀ ਜਾ। ਹਲਦੀ ਨੇ ਗਾਂ ਦਾ ਥੋੜਾ ਜਿਹਾ ਦੁੱਧ ਪੀਤਾ ਅਤੇ ਫਿਰ ਉਹ ਵੱਛੇ ਨੂੰ ਨਾਲ ਲੈ ਕੇ ਆਪਣੇ ਘਰ ਜਾ ਪਹੁੰਚੀ।

ਸੁੰਡ ਨੇ ਜਦ ਹਲਦੀ ਕੋਲ ਐਨੀਆਂ ਸਾਰੀਆਂ ਚੀਜ਼ਾਂ ਵੇਖੀਆਂ ਤਾਂ ਉਸਨੇ ਸੋਚਿਆ ਕਿ ਉਹ ਇਹ ਸਾਰੀਆਂ ਚੀਜ਼ਾਂ ਨਾਨੀ ਦੇ ਘਰ ਤੋਂ ਲਿਆਈ ਹੈ। ਬਸ, ਉਹ ਵੀ ਆਪਣੀ ਨਾਨੀ ਦੇ ਘਰ ਜਾਣ ਲਈ ਤਿਆਰ ਹੋ ਗਈ। ਰਾਹ ਵਿੱਚ ਉਹਨੂੰ ਵੀ ਗਾਂ ਮਿਲੀ ਜਿਸ ਨੇ ਉਹਨੂੰ ਗੋਹਾ ਸਾਫ਼ ਕਰਨ ਲਈ ਕਿਹਾ। ਸੁੰਡ ਤਾਂ ਠਹਿਰੀ ਘਮੰਡੀ, ਉਹ ਠੁੰਮਕਦੀ ਹੋਈ ਬੋਲੀ– ਉਹ ਸੀ ਹਲਦੀ-ਪਲਦੀ। ਮੈਂ ਹਾਂ ਸਣੂਆ ਸੁੰਡ। ਮੈਂ ਕਿਉਂ ਸਾਫ਼ ਕਰਾਂ?




ਸੁੰਡ ਦਾ ਉੱਤਰ ਸੁਣ ਕੇ ਗਾਂ ਚੁੱਪ ਰਹੀ। ਫਿਰ ਉਹਨੂੰ ਰਾਹ ਵਿੱਚ ਪਿੱਪਲ ਦਾ ਰੁੱਖ ਮਿਲਿਆ। ਉਸਨੇ ਸੁੰਡ ਨੂੰ ਆਪਣੀ ਗੰਦੀ ਜਗ੍ਹਾ ਸਾਫ਼ ਕਰਨ ਲਈ ਕਿਹਾ ਤਾਂ ਉਸ ਨੂੰ ਵੀ ਸੁੰਡ ਨੇ ਉਹੀ ਉੱਤਰ ਦਿੱਤਾ ਜੋ ਗਾਂ ਨੂੰ ਦਿੱਤਾ ਸੀ।

ਸੁੰਡ ਨਾਨੀ ਦੇ ਘਰ ਪਹੁੰਚੀ। ਉਥੇ ਸਾਰਾ ਦਿਨ ਉਹ ਹੱਥ ਤੇ ਹੱਥ ਰੱਖੀ ਬੈਠੀ ਰਹਿੰਦੀ। ਨਾਨੀ ਬੁੱਢੀ ਤਾਂ ਸੀ ਹੀ, ਉਪਰੋਂ ਉਹਨੂੰ ਆਪਣੇ ਕੰਮ ਦੇ ਨਾਲ-ਨਾਲ ਸੁੰਡ ਦਾ ਵੀ ਕੰਮ ਕਰਨਾ ਪੈਂਦਾ, ਜਿਸ ਕਾਰਣ ਉਹ ਵਿਚਾਰੀ ਬਹੁਤ ਥੱਕ ਜਾਂਦੀ। ਸੁੰਡ ਉਸ ਲਈ ਇਕ ਬੋਝ ਬਣ ਗਈ ਸੀ। ਜਦ ਸੁੰਡ ਵਾਪਸ ਆਪਣੇ ਘਰ ਜਾਣ ਲੱਗੀ ਤਦ ਨਾਨੀ ਨੇ ਉਹਨੂੰ ਝਟਪਟ ਬਿਨਾ ਕੁਝ ਤੋਹਫੇ ਦਿਤੇ ਵਿਦਾ ਕਰ ਦਿਤਾ।

ਘਰ ਵਾਪਸ ਆਉਂਦੇ ਸਮੇਂ ਉਸ ਨੂੰ ਰੁੱਖ ਅਤੇ ਗਾਂ ਮਿਲੇ। ਪਿੱਪਲ ਨੇ ਉਸ ਤੇ ਆਪਣੇ ਸੁੱਕੇ ਪੱਤੇ ਸੁੱਟੇ ਅਤੇ ਗਾਂ ਨੇ ਉਹਨੂੰ ਇਕ ਜ਼ੋਰ ਦੀ ਲੱਤ ਮਾਰੀ। ਵਿਚਾਰੀ ਘਮੰਡੀ ਸੁੰਡ ਡਿਗਦੀ-ਢਹਿੰਦੀ ਆਪਣੇ ਘਰ ਵੱਲ ਤੁਰ ਪਈ।

ਸੁੰਡ ਸੋਚਣ ਲੱਗੀ ਹਲਦੀ ਦੇ ਕੋਲ ਕੀ ਹੈ ਕਿ ਉਸ ਨੂੰ ਸਾਰਿਆਂ ਨੇ ਢੇਰ ਸਾਰੇ ਤੋਹਫੇ ਦਿਤੇ। ਫਿਰ ਉਹਨੂੰ ਰਾਜ ਸਮਝ ਵਿੱਚ ਆਇਆ ਕਿ ਉਹਨੂੰ ਸੇਵਾ ਦਾ ਫਲ ਮਿਲਿਆ ਹੈ।





❑ ਰਾਜ ਕੁਮਾਰ ਗੁਪਤਾ

# ਭਾਰਤ ਮਾਂ ਦੇ ਸੱਚੇ ਸਪੂਤ 'ਲਾਲ ਬਹਾਦਰ ਸ਼ਾਸਤਰੀ'

ਦੇਸ਼ ਦੇ ਦੂਜੇ ਪ੍ਰਧਾਨਮੰਤਰੀ, ਭਾਰਤ ਰਤਨ ਅਤੇ ਭਾਰਤ ਮਾਂ ਦੇ ਸੱਚੇ ਸਪੂਤ ਲਾਲ ਬਹਾਦੁਰ ਸ਼ਾਸਤਰੀ ਜੀ ਦਾ ਜਨਮ 2 ਅਕਤੂਬਰ 1904 ਨੂੰ ਉਤਰ ਪ੍ਰਦੇਸ਼ ਵਿਚ ਮੁਗਲ ਸਰਾਏ ਦੇ ਸਾਧਾਰਣ ਪਰਿਵਾਰ ਵਿਚ ਹੋਇਆ ਸੀ। ਸ਼ਾਸਤਰੀ ਜੀ ਬਹੁਤ ਹੀ ਦ੍ਰਿੜ ਵਿਅਕਤਤਵ ਦੇ ਸੁਆਮੀ ਸਨ। ਉਹ ਨਹਿਰੂ ਜੀ ਦੇ ਬਾਅਦ ਦੇਸ਼ ਦੇ ਪ੍ਰਧਾਨਮੰਤਰੀ ਬਣੇ। ਉਹਨਾਂ ਦਾ ਸੇਵਾਕਾਲ ਕਾਫੀ ਮੁਸ਼ਕਿਲਾਂ ਭਰਿਆ ਸੀ। ਇਕ ਪਾਸੇ ਦੇਸ਼ ਅਨਾਜ ਦੀ ਕਮੀ ਕਾਰਣ ਪਰੇਸ਼ਾਨ ਸੀ ਤਾਂ ਦੂਜੇ ਪਾਸੇ ਅੰਤਰਰਾਸ਼ਟਰੀ ਜਗਤ ਵਿਚ ਦੇਸ਼ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਪਾਕਿਸਤਾਨ ਨੇ ਸੰਨ 1965 ਵਿਚ ਜੰਮੂ ਦੇ ਛੰਬ ਖੇਤਰ ਉਤੇ ਹਮਲਾ ਕਰ ਦਿਤਾ ਸੀ। ਪਾਕਿਸਤਾਨ ਅਤੇ ਅਮਰੀਕਾ ਦਾ ਵਿਚਾਰ ਸੀ ਕਿ ਸ਼ਾਸਤਰੀ ਜੀ ਦੀ ਅਗਵਾਈ ਵਿਚ ਭਾਰਤ ਪਾਕਿਸਤਾਨ ਦੇ ਕਿਸੇ ਵੀ ਹਮਲੇ ਨੂੰ ਝੇਲ ਨਹੀਂ ਸਕੇਗਾ ਅਤੇ ਖੰਡਿਤ ਹੋ ਜਾਵੇਗਾ। ਸ਼ਾਸਤਰੀ ਜੀ ਨੇ ਇਸ ਯੁਧ ਵਿਚ ਜਿੱਤ ਹਾਸਿਲ ਕਰਕੇ ਦੇਸ਼ ਨੂੰ ਸਿਰਫ ਇਕ ਸੂਤਰ ਵਿਚ ਹੀ ਨਹੀਂ ਬੰਨਿਆ ਬਲਕਿ ਉਸ ਨੂੰ ਉਤਸ਼ਾਹ ਨਾਲ ਵੀ ਭਰ ਦਿਤਾ। ਉਹਨਾਂ ਨੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਆਤਮਨਿਰਭਰ ਬਣਾਉਣ ਦੇ ਲਈ ਠੋਸ ਕਦਮ ਚੁੱਕੇ। ਕੁਲ ਮਿਲਾ ਕੇ ਸ਼ਾਸਤਰੀ ਜੀ ਨੇ ਦੁਨੀਆ ਵਿਚ ਭਾਰਤ ਦੀ ਪ੍ਰਤਿਸ਼ਠਾ ਬਣਾਈ। ਸੰਨ 1966 ਵਿਚ ਉਹ ਤਾਸ਼ਕੰਦ ਵਿਚ ਜਰੂਰੀ ਕੰਮ ਲਈ ਗਏ। ਜਿਥੇ ਉਹਨਾਂ ਦੀ ਅਚਾਨਕ ਮੌਤ ਹੋ ਗਈ। ਭਾਰਤ ਆਪਣਾ ਇਕ ਸੱਚਾ, ਈਮਾਨਦਾਰ, ਦੇਸ਼ਭਗਤੀ ਨਾਲ ਭਰਿਆ ਹੋਇਆ ਪਿਆਰਾ ਲਾਲ ਗਵਾ ਬੈਠਾ। ਆਉ ਅਸੀਂ ਉਹਨਾਂ ਦੇ ਪੂਰੇ ਜੀਵਨ ਤੋਂ ਸਿਖਿਆ ਲੈ ਕੇ ਸੱਚ ਦੇ ਰਾਹ ਤੇ ਚਲੀਏ।

## ਪੁਸਤਕ ਪੜ੍ਹਨਾ ਅਤੇ ਚਿੰਤਨ ਕਰਨਾ

ਸ਼ਾਸਤਰੀ ਜੀ ਦਾ ਵਿਚਾਰ ਸੀ ਕਿ ਚਿੰਤਨ ਇਨਸਾਨ ਨੂੰ ਮਹਾਨਤਾ ਵਲ ਲੈ ਜਾਂਦਾ ਹੈ। ਜੇਕਰ ਕੰਮ ਕਰਨ ਤੋਂ ਪਹਿਲਾਂ ਉਸ ਦੇ ਨਤੀਜਿਆਂ ਬਾਰੇ ਵੀ ਵਿਚਾਰ ਕਰ ਲਿਆ ਜਾਵੇ ਤਾਂ ਗਲਤੀਆਂ ਨੂੰ ਘੱਟ ਕੀਤਾ ਜਾ ਸਕਦਾ ਹੈ। ਸ਼ਾਸਤਰੀ ਜੀ ਨੂੰ ਮਹਾਪੁਰਸ਼ਾਂ ਅਤੇ ਮਸ਼ਹੂਰ ਵਿਚਾਰਕਾਂ ਦੀਆਂ ਪੁਸਤਕਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹਨਾਂ ਨੇ ਪੁਸਤਕਾਂ ਨੂੰ ਸਿਰਫ ਪੜ੍ਹਿਆ ਹੀ ਨਹੀ ਉਹਨਾਂ ਵਿਚ ਲਿਖੇ ਗੁਣਾਂ ਨੂੰ ਆਪਣੇ ਜੀਵਨ ਵਿਚ ਵੀ ਉਤਾਰਿਆ।

## ਕਰਜ ਲੈਣਾ ਸਮਝਦੇ ਸਨ ਗੁਨਾਹ

ਸ਼ਾਸਤਰੀ ਜੀ 'ਕਰਜ' ਲੈਣ ਤੋਂ ਬਹੁਤ ਪਰਹੇਜ ਕਰਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਇਨਸਾਨ ਨੂੰ ਮੁਸ਼ਕਿਲ ਤੋਂ ਮੁਸ਼ਕਿਲ ਪ੍ਰਸਥਿਤੀ ਵਿਚ ਵੀ ਘੱਟ ਤੋਂ ਘੱਟ ਕਰਜ ਲੈਣਾ ਚਾਹੀਦਾ ਹੈ। ਉਹ ਇਹ ਵੀ ਕਿਹਾ ਕਰਦੇ ਸਨ ਕਿ ਆਪਣੀਆਂ ਸੰਸਾਰਿਕ ਇੱਛਾਵਾਂ ਦੀ ਪੂਰਤੀ ਲਈ ਕਦੇ ਕਰਜ ਨਾ ਲਉ। ਜੇਕਰ ਉਹਨਾਂ ਨੇ ਕਰਜ ਲਿਆ ਵੀ ਤਾਂ ਰਾਸ਼ਟਰਭਗਤੀ ਦੀ ਭਾਵਨਾ ਨਾਲ ਭਰ ਕੇ। ਉਹਨਾਂ ਨੇ ਇਕ ਵਾਰ ਤਿਲਕ ਜੀ ਦਾ ਭਾਸ਼ਣ ਸੁਣਨ ਜਾਣਾ ਸੀ, ਜਿਸ ਲਈ ਉਹਨਾਂ ਨੇ ਕਰਜ ਲਿਆ ਸੀ। ਜਦੋਂ ਲੋਕਮਾਨਯ ਤਿਲਕ ਬਨਾਰਸ ਪਹੁੰਚੇ ਤਾਂ ਲਾਲ ਬਹਾਦੁਰ ਉਹਨਾਂ ਨਾਲ ਮਿਲਣ ਲਈ ਬੇਚੈਨ ਹੋ ਗਏ। ਜਿਸ ਜਗ੍ਹਾ ਤੇ ਮਹਾਰਾਸ਼ਟਰ ਦੇ ਇਸ ਮਹਾਨ ਨੇਤਾ ਦਾ ਭਾਸ਼ਣ ਸੀ, ਉਹ ਜਗ੍ਹਾ ਜਿਥੇ ਉਸ ਸਮੇਂ ਲਾਲ ਬਹਾਦੁਰ ਸਨ, ਪੰਜਾਹ ਮੀਲ ਦੂਰ ਸੀ। ਪੈਦਲ ਜਾਣਾ ਸੌਖਾ ਨਹੀਂ ਸੀ, ਇਸ ਲਈ ਉਹਨਾਂ ਨੇ ਕਰਜ ਲਿਆ ਅਤੇ ਬਿਨਾ ਸਮਾਂ ਖਰਾਬ ਕੀਤੇ, ਉਹ ਤਿਲਕ ਜੀ ਦਾ ਭਾਸ਼ਣ ਸੁਣਨ ਠੀਕ ਸਮੇਂ ਤੇ ਪਹੁੰਚ ਗਏ।

## ਸਧਾਰਣ ਜੀਵਨ ਸੀ ਪਸੰਦ

ਉਹ ਇਸ ਸੱਚ ਨੂੰ ਚੰਗੀ ਤਰ੍ਹਾਂ ਪਛਾਣਦੇ ਸਨ ਕਿ ਜਿਆਦਾ ਸਹੂਲਤਾਂ ਅਤੇ ਸੁਖ ਆਰਾਮ ਇਨਸਾਨ ਨੂੰ ਕਦੇ ਉਚੱਾਈ ਵਲ ਨਹੀਂ ਲੈ ਜਾ ਸਕਦੇ। ਉਹਨਾਂ ਨੇ ਹਮੇਸ਼ਾ ਉਹ ਹੀ ਸਹੂਲਤਾਂ ਮੰਗੀਆਂ, ਜਿਨ੍ਹਾਂ ਨਾਲ ਜੀਵਨ ਚੰਗੀ ਤਰ੍ਹਾਂ ਚਲ ਸਕੇ। ਵਿਲਾਸਿਤਾ ਦਾ ਜੀਵਨ ਬਿਤਾਉਣ ਦੀ ਉਹਨਾਂ ਨੇ ਕਦੇ ਕੋਸ਼ਿਸ਼ ਨਹੀਂ ਕੀਤੀ।ਉਹਨਾਂ ਦੇ ਕੋਲ ਇਹੋ ਜਿਹੇ ਅਨੇਕ ਮੌਕੇ ਸਨ। ਜੇਕਰ ਉਹ ਚਾਹੁੰਦੇ ਤਾਂ ਆਪਣਾ ਜੀਵਨ ਵਿਲਾਸਿਤਾ ਵਲ ਲੈ ਜਾ ਸਕਦੇ ਸਨ, ਪਰ ਉਹਨਾਂ ਨੇ ਆਪਣੀਆਂ ਜਰੂਰਤਾਂ ਤੋਂ ਵੱਧ ਦੂਜਿਆਂ ਦੀਆਂ ਜਰੂਰਤਾਂ ਪੂਰੀਆਂ ਕਰਨ ਵਲ ਧਿਆਨ ਦਿਤਾ। ਭਾਵੇਂ ਉਹਨਾਂ ਦੇ ਘਰ ਦੀ ਕੋਈ ਸਮੱਸਿਆ ਹੋਈ ਜਾਂ ਦੇਸ਼ ਦੀ, ਹਰ ਹਾਲ ਵਿਚ ਉਹਨਾਂ ਨੇ ਖੁਦ ਆਪਣੀਆਂ ਸਹੂਲਤਾਂ ਦਾ ਹੀ ਤਿਆਗ ਕੀਤਾ।

## ਅਸੰਭਵ ਸ਼ਬਦ ਨਹੀਂ ਸੀ ਡਿਕਸ਼ਨਰੀ ਵਿਚ

ਸ਼ਾਸਤਰੀ ਜੀ ਹਮੇਸ਼ਾ ਅਸੰਭਵ ਜਿਹੀ ਲਗਣ ਵਾਲੀ ਪ੍ਰਸਥਿਤੀ ਨੂੰ ਚੁਨੌਤੀ ਦੇ ਰੂਪ ਵਿਚ ਸਵੀਕਾਰ ਕਰਦੇ ਸਨ। ਇਹੀ ਕਾਰਣ ਸੀ ਕਿ ਉਨ੍ਹਾਂ ਨੂੰ ਕਾਂਗਰਸ ਪਾਰਟੀ ਦੇ ਨੇਤਾ ਦੇ ਰੂਪ ਵਿਚ ਚੁਣ ਲਿਆ ਗਿਆ। ਸਰਲ, ਈਮਾਨਦਾਰ ਅਤੇ ਉਤਸ਼ਾਹਿਤ ਨੇਤਾ ਹੋਣ ਦੇ ਕਾਰਣ ਉਹ ਕਾਂਗਰਸ ਦੇ ਦੋਵੇਂ ਗੁਟਾਂ ਨੂੰ ਬਰਾਬਰ ਰੂਪ ਨਾਲ ਸਵੀਕਾਰ ਸਨ।

## ਸੰਪੰਨਤਾ ਅਤੇ ਸੁਰੱਖਿਆ ਰਿਹਾ ਮੂਲ ਮੰਤਰ

ਸੰਪੰਨਤਾ ਅਤੇ ਸੁਰੱਖਿਆ ਸ਼ਾਸਤਰੀ ਜੀ ਦਾ ਮੂਲ ਮੰਤਰ ਰਿਹਾ। ਉਹ ਜਦ ਤਕ ਪ੍ਰਧਾਨ ਮੰਤਰੀ ਰਹੇ, ਉਹਨਾਂ ਨੇ ਕਿਸਾਨਾਂ ਅਤੇ ਜਵਾਨਾਂ ਦਾ ਹੌਸਲਾ ਬੁਲੰਦ ਰਖਿਆ। ਜਿਵੇਂ ਉਹ ਖੇਤੀਬਾੜੀ ਦੇ ਮਾਮਲੇ ਵਿਚ ਠੋਸ ਕਦਮ ਚੁਕਦੇ ਸਨ, ਉਂਜ ਹੀ ਸੁਰੱਖਿਆ ਦੇ ਮਾਮਲਿਆਂ ਵਿਚ ਵੀ ਉਹ ਕੋਈ ਸਮਝੌਤਾ ਨਹੀਂ ਕਰਦੇ ਸਨ।

## ਦੇਸ਼ ਲਈ ਸਮਰਪਿਤ ਕੀਤਾ ਜੀਵਨ

ਆਪਣੇ ਛੋਟੇ ਜਿਹੇ ਕਾਲ ਵਿਚ ਉਹ ਦੇਸ਼ ਵਾਸਤੇ ਸਫਲ ਪ੍ਰਧਾਨ ਮੰਤਰੀ ਸਿੱਧ ਹੋਏ ਅਤੇ ਲੋਕਾਂ ਦੇ ਦਿਲਾਂ ਉਤੇ ਛਾ ਗਏ। ਉਹਨਾਂ ਦਾ ਨਾਰਾ 'ਜੈ ਜਵਾਨ, ਜੈ ਕਿਸਾਨ', ਗੂੰਜ ਉਠਿਆ। ਆਪਣੇ ਸੁਖ ਅਤੇ ਸੁਆਰਥ ਦੀ ਪਰਵਾਹ ਕੀਤੇ ਬਗੈਰ ਉਹਨਾਂ ਨੇ ਆਪਣੀ ਸੰਪੂਰਣ ਸ਼ਕਤੀ ਦੇਸ਼ ਦੀ ਭਲਾਈ ਵਿਚ ਲਗਾ ਦਿੱਤੀ। ਆਪਣੇ ਫਰਜਾਂ ਦੀ ਬਲੀਵੇਦੀ ਉਤੇ ਆਪਣੇ ਆਪ ਨੂੰ ਭੇਂਟ ਚੜਾਉਣ ਵਾਲੇ ਉਸ ਮਹਾਮਾਨਵ ਦਾ ਜੀਵਨ ਹਮੇਸ਼ਾ ਇਕ ਸਾਗਰ ਦੀ ਤਰ੍ਹਾਂ ਰਿਹਾ ਜੋ ਸੰਸਾਰ ਦਾ ਸਾਰਾ ਖਾਰਾਪਨ ਆਪਣੇ ਅੰਦਰ ਛੁਪਾ ਲੈਂਦਾ ਹੈ ਅਤੇ ਸਾਰਾ ਮਿੱਠਾਪਨ ਦੁਨੀਆ ਵਿਚ ਵੰਡ ਦਿੰਦਾ ਹੈ।

# ਹਾਸਾ ਖੇਡਾ

ਇਕ ਕਿਸਾਨ ਨੇ ਖੇਤ ਵਿੱਚ ਜਾਣ ਤੋਂ ਪਹਿਲਾਂ ਪਤਨੀ ਨੂੰ ਕਿਹਾ- ਦੁਪਹਿਰ ਦਾ ਖਾਣਾ ਲੈ ਆਉਣਾ।
ਪਤਨੀ ਨੇ ਪੁੱਛਿਆ- ਕਿੰਨੀਆਂ ਰੋਟੀਆਂ ਲਿਆਵਾਂ।
ਕਿਸਾਨ : ਸਾਢੇ ਨੌ।
ਪਤਨੀ : ਦਸ ਲੈ ਆਵਾਂ?
ਕਿਸਾਨ : ਤੂੰ ਮੈਨੂੰ ਐਨਾ ਭੁੱਖੜ ਸਮਝਿਆ ਹੈ ਕੀ?

............

ਬਿੱਟੂ ਨੇ ਬਸ ਵਿੱਚ ਦੋ ਟਿਕਟਾਂ ਮੰਗੀਆਂ।
ਕੰਡਕਟਰ : ਦੋ ਕਿਉਂ?
ਬਿੱਟੂ : ਇਕ ਗਵਾਚ ਗਈ ਤਾਂ ਦੂਸਰੀ ਰਹੇਗੀ।
ਕੰਡਕਟਰ : ਅਗਰ ਦੂਸਰੀ ਗਵਾਚ ਗਈ ਤਾਂ?
ਬਿੱਟੂ : ਤਾਂ 'ਪਾਸ' ਕਦ ਕੰਮ ਆਏਗਾ।



............

ਗਾਹਕ : ਇਕ ਕਿਲੋ ਗਾਂ ਦਾ ਦੁੱਧ ਦੇਣਾ।
ਦੁਕਾਨਦਾਰ : ਲੇਕਿਨ ਤੁਹਾਡਾ ਬਰਤਨ ਤਾਂ ਬਹੁਤ ਛੋਟਾ ਹੈ।
ਗਾਹਕ : ਠੀਕ ਹੈ, ਤਾਂ ਫਿਰ ਬੱਕਰੀ ਦਾ ਦੁੱਧ ਦੇ ਦਿਉ।

– ਗੁਰਚਰਨ ਆਨੰਦ

ਰਿਕਸ਼ੇ ਵਾਲਾ : ਆਈਏ ਸਾਹਿਬ,ਕਿਥੇ ਜਾਣਾ ਹੈ?
ਆਦਮੀ : ਮੈਂ ਆਈ.ਏ. ਨਹੀਂ ਬੀ.ਏ. ਹਾਂ।

............



ਯਾਤਰੀ : (ਟਾਂਗੇ ਵਾਲੇ ਨੂੰ) ਸਟੇਸ਼ਨ ਤਕ ਦਾ ਕਿੰਨਾ ਲਉਗੇ?
ਟਾਂਗੇਵਾਲਾ : ਦੋ ਰੁਪਏ ਅਤੇ ਸਮਾਨ ਮੁਫਤ ਲੈ ਚਲਾਂਗਾ।
ਯਾਤਰੀ : ਚੰਗਾ ਤਾਂ ਸਮਾਨ ਹੀ ਲੈ ਚਲੋ। ਮੈਂ ਪੈਦਲ ਆਉਂਦਾ ਹਾਂ।

............

ਦੋ ਆਲਸੀ ਕੰਬਲ ਲੈ ਕੇ ਸੌਂ ਰਹੇ ਸਨ। ਅਚਾਨਕ ਇਕ ਚੋਰ ਆਇਆ ਅਤੇ ਕੰਬਲ ਲੈ ਕੇ ਭੱਜ ਗਿਆ।
ਪਹਿਲਾ ਆਲਸੀ ਪਏ-ਪਏ ਬੋਲਿਆ : ਫੜੋ-ਫੜੋ...
ਦੂਸਰਾ ਆਲਸੀ : ਰਹਿਣ ਦੇ ਜਦ ਸਰਾਹਣਾ ਲੈਣ ਆਵੇਗਾ ਤਦ ਫੜ ਲਵਾਂਗੇ।

– ਰਜਿਤ ਸ਼ਰਮਾ

ਭਿਖਾਰੀ : (ਰਾਹਗੀਰ ਨੂੰ) ਸਾਹਬ! ਇਕ ਰੁਪਿਆ ਦੇ ਦਿਉ। ਦੋ ਦਿਨਾਂ ਤੋਂ ਖਾਣਾ ਨਹੀਂ ਖਾਧਾ।



ਰਾਹਗੀਰ : ਪਹਿਲਾਂ ਇਹ ਦੱਸ ਕਿ ਇਕ ਰੁਪਏ ਵਿੱਚ ਖਾਣਾ ਮਿਲਦਾ ਕਿਥੇ ਹੈ? ਦੋਵੇਂ ਮਿਲ ਕੇ ਖਾਵਾਂਗੇ।

............

ਅਧਿਆਪਕ : (ਵਿਦਿਆਰਥੀ ਨੂੰ) ਤੂੰ ਰੋਜ ਖਾਣਾ ਖਾ ਕੇ ਮੂੰਹ ਕਿਉਂ ਨਹੀਂ ਧੋਂਦਾ? ਮੈਂ ਤੇਰਾ ਮੂੰਹ ਵੇਖ ਕੇ ਦੱਸ ਸਕਦਾ ਹਾਂ ਕਿ ਅੱਜ ਤੂੰ ਕੀ ਖਾਧਾ ਹੈ?

ਵਿਦਿਆਰਥੀ : ਦੱਸੋ ਸਰ ਮੈਂ ਕੀ ਖਾਧਾ ਹੈ?

ਅਧਿਆਪਕ : ਦਹੀਂ ਵੜੇ।

ਵਿਦਿਆਰਥੀ : ਨਹੀਂ ਸਰ! ਉਹ ਤਾਂ ਕੱਲ ਖਾਧੇ ਸਨ।

............

ਸੇਠ (ਨੌਕਰ ਨੂੰ), ਜਰਾ ਵੇਖਣਾ ਕਿੰਨੇ ਵੱਜੇ ਹਨ?

ਨੌਕਰ : ਮਾਲਿਕ, ਮੈਨੂੰ ਸਮਾਂ ਵੇਖਣਾ ਨਹੀਂ ਆਉਂਦਾ।

ਸੇਠ : ਘੜੀ ਵੇਖ ਕੇ ਦੱਸ ਕਿ ਵੱਡੀ ਸੂਈ ਕਿਥੇ ਹੈ ਅਤੇ ਛੋਟੀ ਸੂਈ ਕਿਥੇ ਹੈ?

ਨੌਕਰ : ਜੀ ਦੋਵੇਂ ਸੂਈਆਂ ਘੜੀ ਦੇ ਅੰਦਰ ਹੀ ਹਨ।

– ਨਿਸ਼ਾ ਚੌਧਰੀ

ਮੋਹਨ : (ਸੋਹਨ ਨੂੰ) ਪਤਾ ਨਹੀਂ ਲੋਕ ਇਕ-ਇਕ ਮਹੀਨੇ ਤਕ ਬਿਨਾ ਨਹਾਏ ਕਿਵੇਂ ਰਹਿ ਜਾਂਦੇ ਹਨ?

ਸੋਹਨ : ਕਿਉਂ ਕੀ ਹੋਇਆ?

ਮੋਹਨ : ਮੈਨੂੰ ਤਾਂ 20 ਦਿਨਾਂ ਵਿੱਚ ਹੀ ਖੁਜਲੀ ਹੋਣ ਲੱਗਦੀ ਹੈ।

............

ਇਕ ਹਵਾਈ ਜ਼ਹਾਜ਼ ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ ਤੇ ਉਤਰਿਆ। ਪੌੜੀਆਂ ਤੋਂ ਉਤਰਦੇ ਸਮੇਂ ਇਕ ਯਾਤਰੀ ਸਿੱਧਾ ਜ਼ਮੀਨ ਤੇ ਆ ਪਿਆ।

ਜ਼ਹਾਜ਼ ਦਾ ਪਾਇਲਟ ਕੋਲ ਹੀ ਖੜਾ ਸੀ। ਉਹ ਯਾਤਰੀ ਨੂੰ ਬੋਲਿਆ- ਆਪ ਦੀ ਦੇਸ਼ ਭਗਤੀ ਦੀ ਭਾਵਨਾ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਜਿਸ ਤਰ੍ਹਾਂ ਆਪ ਪੌੜੀਆਂ ਤੋਂ ਉਤਰਦਿਆਂ ਹੀ ਦੇਸ਼ ਦੀ ਮਿੱਟੀ ਨੂੰ ਚੁੰਮਣ ਲੱਗੇ ਹੋ।




ਉਹ ਵਿਅਕਤੀ ਆਪਣਾ ਚਿਹਰਾ ਸਾਫ਼ ਕਰਦਾ ਹੋਇਆ ਬੋਲਿਆ –

ਇਹ ਸਭ ਛੱਡੋ, ਪਹਿਲਾਂ ਮੈਨੂੰ ਇਹ ਦੱਸੋ ਕਿ ਪੌੜੀਆਂ ਤੇ ਕੇਲੇ ਦਾ ਛਿਲਕਾ ਕਿਸ ਨੇ ਰੱਖਿਆ ਸੀ?

– ਬਬਲੂ ਅਰੋੜਾ

❑ ਨੈਨਤਾਰਾ ਦੀਦੀ

# ਸੱਪਾਂ ਨੂੰ ਆਪਣਾ ਜ਼ਹਿਰ ਕਿਥੋਂ ਮਿਲਦਾ ਹੈ?



ਵਿਗਿਆਨਕਾਂ ਦਾ ਮੰਨਣਾ ਹੈ ਕਿ ਵਰਤਮਾਨ ਵਿਚ ਪ੍ਰਿਥਵੀ ਉਤੇ ਸੱਪਾਂ ਦੀਆਂ ਲਗਭਗ 2400 ਪਰਜਾਤੀਆਂ ਰਹਿ ਗਈਆਂ ਹਨ। ਇਹਨਾਂ ਵਿਚੋਂ ਲਗਭਗ 8 ਪ੍ਰਤੀਸ਼ਤ ਹੀ ਜ਼ਹਰੀਲੀਆਂ ਹਨ, ਜੋ ਆਪਣੇ ਸ਼ਿਕਾਰ ਨੂੰ ਆਪਣੇ ਜ਼ਹਿਰ ਨਾਲ ਮਾਰਦੀਆਂ ਹਨ। ਜਿਆਦਾਤਰ ਸੱਪਾਂ ਦਾ ਜ਼ਹਿਰ ਐਨਾ ਜਹਿਰੀਲਾ ਨਹੀਂ ਹੁੰਦਾ ਕਿ ਮਨੁੱਖ ਲਈ ਖਤਰਾ ਬਣ ਸਕੇ, ਪਰ ਸਵਾਲ ਇਹ ਉਠੱਦਾ ਹੈ ਕਿ ਆਖਿਰ ਸੱਪਾਂ ਨੂੰ ਆਪਣਾ ਜ਼ਹਿਰ ਕਿਥੋਂ ਮਿਲਦਾ ਹੈ?

ਪਿਆਰੇ ਬੱਚਿਉ ! ਹਰ ਸੱਪ ਦੇ ਕੋਲ ਵੱਡੀ ਮਾਤਰਾ ਵਿਚ ਸਲਾਈਵਾ ਜਾਂ ਥੁੱਕ ਹੁੰਦਾ ਹੈ, ਜੋ ਸ਼ਿਕਾਰ ਨੂੰ ਹਜ਼ਮ ਕਰਨ ਵਿਚ ਉਸ ਦੀ ਮਦਦ ਕਰਦਾ ਹੈ। ਜ਼ਹਿਰੀਲੇ ਸੱਪਾਂ ਵਿਚ ਸਲਾਈਵਾ ਗਲੈਂਡਸ ਵਿਚੋਂ ਇਕ ਇਹੋ ਜਿਹਾ ਪਦਾਰਥ ਪੈਦਾ ਹੁੰਦਾ ਹੈ, ਜੋਕਿ ਸੱਪ ਦੇ ਸ਼ਿਕਾਰ ਲਈ ਜ਼ਹਿਰੀਲਾ ਹੁੰਦਾ ਹੈ। ਇਹ ਪਦਾਰਥ ਹੀ ਸੱਪ ਦਾ ਜ਼ਹਿਰ ਹੁੰਦਾ ਹੈ। ਕੁਝ ਸੱਪਾਂ ਦਾ ਜ਼ਹਿਰ ਤਾਂ ਹਾਥੀ ਨੂੰ ਮਾਰ ਸਕਦਾ ਹੈ, ਅਤੇ ਕੁਝ ਕੇਵਲ ਛਿਪਕਲੀ ਨੂੰ ਹੀ ਮਾਰ ਸਕਦਾ ਹੈ। ਸ਼ਾਇਦ ਸੱਪਾਂ ਦੀਆਂ 200 ਪਰਜਾਤੀਆਂ ਹੀ ਮਨੁੱਖ ਲਈ ਖਤਰਨਾਕ ਹਨ।

ਇਨਸਾਨਾਂ ਦੇ ਲਈ ਕੋਬਰਾ ਅਤੇ ਵਾਈਪਰ ਪਰਜਾਤੀਆਂ ਬਹੁਤ ਖਤਰਨਾਕ ਹੁੰਦੀਆਂ ਹਨ। ਇਹਨਾਂ ਵਿਚੋਂ ਕੋਬਰਾ ਦੇ ਉਪਰ ਵਾਲੇ ਜਬੜੇ ਦੇ ਦੋਵੇਂ ਪਾਸੇ ਜਹਿਰੀਲੇ ਦੰਦ ਹੁੰਦੇ ਹਨ, ਇਹ ਦੰਦ ਖਾਂਚੇਦਾਰ ਹੁੰਦੇ ਹਨ ਪਰ ਜਿਆਦਾਤਰ ਕੋਬਰਾ ਵਿਚ ਖਾਂਚੇ ਬੰਦ ਹੁੰਦੇ ਹਨ, ਜਿਸ ਨਾਲ ਇਕ ਖੋਖਲੀ ਟਿਊਬ ਬਣ ਜਾਂਦੀ ਹੈ। ਜ਼ਹਿਰੀਲੇ ਗਲੈਂਡ ਨੂੰ ਮਾਂਸਪੇਸ਼ੀ ਘੇਰ ਕੇ ਰੱਖਦੀ ਹੈ। ਜਦੋਂ ਸੱਪ ਕੱਟਦਾ ਹੈ ਤਾਂ ਮਾਂਸਪੇਸ਼ੀਆਂ ਗਲੈਂਡ ਉਤੇ ਦਬਾ ਪਾਉਂਦੀਆਂ ਹੈ, ਇਸ ਨਾਲ ਜ਼ਹਿਰ ਖਾਂਚੇ ਵਿਚ ਆ ਜਾਂਦਾ ਹੈ ਅਤੇ ਖਾਂਚੇ ਤੋਂ ਸਿੱਧਾ ਸ਼ਿਕਾਰ ਵਿਚ ਪਹੁੰਚ ਜਾਂਦਾ ਹੈ

ਕੋਬਰਾ ਦੀਆਂ ਕੁਝ ਪਰਜਾਤੀਆਂ ਜ਼ਹਿਰ ਨੂੰ ਥੁੱਕਦੀਆਂ ਹਨ। ਇਹ ਥੁੱਕਣ ਵਾਲਾ ਕੋਬਰਾ ਆਪਣੇ ਖਾਂਚਿਆਂ ਨਾਲ ਜ਼ਹਿਰ ਸਪ੍ਰੇ ਕਰਦਾ ਹੈ ਜਿਸ ਤੋਂ ਇਹ ਖਤਰਾ ਹੁੰਦਾ ਹੈ ਕਿ ਉਹ ਸ਼ਿਕਾਰ ਦੀਆਂ ਅੱਖਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਜ਼ਹਿਰ ਦੀ ਧਾਰ ਦੋ ਮੀਟਰ ਤਕ ਮਾਰ ਕਰਦੀ ਹੈ ਅਤੇ ਉਸ ਵੇਲੇ ਸ਼ਿਕਾਰ ਨੂੰ ਅੰਨਾਂ ਕਰ ਦਿੰਦੀ ਹੈ। ਇਸ ਦੇ ਕੱਟਣ ਤੇ ਜ਼ਹਿਰ ਨਰਵਸ ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਜ਼ਹਿਰ ਫੇਫੜੇ ਜਾਂ ਦਿਲ ਵਿਚ ਪਹੁੰਚਦਾ ਹੈ ਤਾਂ ਸ਼ਿਕਾਰ ਮਰ ਜਾਂਦਾ ਹੈ। ਵਾਈਪਰ ਦੇ ਲੰਮੇ ਜ਼ਹਿਰੀਲੇ ਦੰਦ ਹੁੰਦੇ ਹਨ। ਉਸ ਦਾ ਜ਼ਹਿਰ ਖੂਨ ਦੀਆਂ ਕੋਸ਼ਿਕਾਵਾਂ ਅਤੇ ਨਸਾਂ ਤੇ ਅਸਰ ਕਰਦਾ ਹੈ। ਲੰਮੇ ਦੰਦਾਂ ਦੇ ਕੱਟਣ ਨਾਲ ਸੂਜਨ ਅਤੇ ਬਲੀਡਿੰਗ ਵੀ ਹੁੰਦੀ ਹੈ।

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਨ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ.(1) ਕਿਸ ਪਾਂਡਵ ਦੇ ਧਨੁਸ਼ ਦਾ ਨਾਮ ਗਾਂਡੀਵ ਸੀ?

ਪ੍ਰਸ਼ਨ.(2) ਗਣਗੌਰ ਕਿਸ ਭਾਰਤੀ ਰਾਜ ਦਾ ਉਤਸਵ ਹੈ?

ਪ੍ਰਸ਼ਨ.(3) ਈਰਾਨ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?

ਪ੍ਰਸ਼ਨ.(4) ਰਾਜਾ ਦਸ਼ਰਥ ਦਾ ਸਭ ਤੋਂ ਛੋਟਾ ਪੁੱਤਰ ਕੌਣ ਸੀ?

ਪ੍ਰਸ਼ਨ.(5) ਰਾਸ਼ਟਰਪਤੀ ਭਵਨ ਵਿਚ ਰਹਿਣ ਵਾਲੇ ਪਹਿਲੇ ਵਾਇਸਰਾਏ ਕੌਣ ਸਨ?

ਪ੍ਰਸ਼ਨ.(6) ਭਗਵਾਨ ਵਿਸ਼ਨੂ ਦੇ ਕਿਸ ਅਵਤਾਰ ਨੇ ਤਿੰਨ ਕਦਮਾਂ ਵਿਚ ਤਿੰਨਾਂ ਲੋਕਾਂ ਨੂੰ ਨਾਪ ਲਿਆ ਸੀ?

ਪ੍ਰਸ਼ਨ.(7) ਕਿਸ ਗੈਸ ਨੂੰ ਮਨੁੱਖਾਂ ਦੇ ਲਈ ਜੀਵਨਦਾਈ ਗੈਸ ਕਿਹਾ ਜਾਂਦਾ ਹੈ?

ਪ੍ਰਸ਼ਨ. (8) ਸਵਾਮੀ ਵਿਵੇਕਾਨੰਦ ਨੇ ਕਿਸ ਮਿਸ਼ਨ ਦੀ ਸਥਾਪਨਾ ਕੀਤੀ ਸੀ?

ਪ੍ਰਸ਼ਨ .(9) ਭਾਰਤ ਦਾ ਸਰਵਉਚ ਖੇਡ ਸਨਮਾਨ ਕਿਹੜਾ ਹੈ?

ਪ੍ਰਸ਼ਨ (10) ਭਾਰਤ ਦਾ ਉਪ-ਰਾਸ਼ਟਰਪਤੀ ਬਣਨ ਦੇ ਬਾਦ ਰਾਸ਼ਟਰਪਤੀ ਬਣਨ ਵਾਲੇ ਪਹਿਲੇ ਵਿਅਕਤੀ ਦਾ ਕੀ ਨਾਮ ਸੀ?

ਪ੍ਰਸ਼ਨ.(11) ਪ੍ਰਾਚੀਨ ਯੂਨੀਵਰਸਿਟੀ ਤਖਸ਼ਿਲਾ ਵਰਤਮਾਨ ਵਿਚ ਕਿਸ ਦੇਸ਼ ਵਿਚ ਹੈ?

ਪ੍ਰਸ਼ਨ.(12) ਭਾਰਤ ਰਤਨ ਸਨਮਾਨ ਲੈਣ ਵਾਲਾ ਪਹਿਲਾ ਵਿਦੇਸ਼ੀ ਕੌਣ ਸੀ?

ਪ੍ਰਸ਼ਨ.(13) ਜਵਾਹਰ ਲਾਲ ਨਹਿਰੂ ਦੇ ਦਿੱਲੀ ਸਥਿਤ ਅਧਿਕਾਰਿਕ ਨਿਵਾਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ.(14) ਸ੍ਰੀ ਲੰਕਾ ਦਾ ਪੁਰਾਣਾ ਨਾਮ ਕੀ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ



ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ





ਬੱਚਿਓ! ਪੈਰਾਸ਼ੂਟ ਇਕ ਵਿਗਿਆਨ ਉਪਕਰਣ ਹੈ ਜਿਸ ਦੀ ਖੋਜ ਏ.ਜੇ. ਗਾਰਨੇਰਿਤ ਨੇ ਕੀਤੀ ਸੀ।
ਜੀ, ਟੀਚਰ ਜੀ।
ਟੀਚਰ ਜੀ! ਪੈਰਾਸ਼ੂਟ ਕਿਸ ਕੰਮ ਆਉਂਦਾ ਹੈ? ਇਹ ਤਾਂ ਕਿਸੇ ਨੂੰ ਗੁਬਾਰੇ ਦੀ ਤਰ੍ਹਾਂ ਤੋਹਫੇ ਵਿੱਚ ਵੀ ਨਹੀਂ ਦੇ ਸਕਦੇ। ਇਹਨੂੰ ਖੋਲਾਂਗੇ ਤਾਂ ਇਹ ਨਾਲ ਹੀ ਉਡਾ ਕੇ ਲੈ ਜਾਏਗਾ।
ਪੈਰਾਸ਼ੂਟ ਐਮਰਜੈਂਸੀ ਵਿੱਚ ਉਡਦੇ ਹੋਏ ਜਹਾਜ਼ਾਂ ਤੋਂ ਸੁਰੱਖਿਆਪੂਰਵਕ ਧਰਤੀ ਤੇ ਉਤਰਨ ਦੇ ਕੰਮ ਆਉਂਦਾ ਹੈ।
ਯੁੱਧ ਦੇ ਸਮੇਂ ਇਸ ਨਾਲ ਸੈਨਿਕ ਯੁੱਧ ਮੋਰਚੇ ਤੇ ਵੀ ਉਤਰ ਸਕਦੇ ਹਨ।
ਟੀਚਰ ਜੀ, ਪੈਰਾਸ਼ੂਟ ਦੀ ਛਤਰੀ ਕਿਸ ਦੀ ਬਣੀ ਹੁੰਦੀ ਹੈ?
ਪੈਰਾਸ਼ੂਟ ਦੀ ਛੱਤਰੀ ਰੇਸ਼ਮ ਜਾਂ ਨਾਇਲੋਨ ਦੀ ਬਣੀ ਹੁੰਦੀ ਹੈ ਕਿਉਂਕਿ ਇਹ ਮਜ਼ਬੂਤ ਅਤੇ ਹਲਕੀ ਹੋਣ ਦੇ ਕਾਰਣ ਪੈਰਾਸ਼ੂਟ ਨੂੰ ਸਫਲਤਾਪੂਰਵਕ ਉਡੱਣ ਵਿੱਚ ਮਦਦ ਕਰਦੀ ਹੈ।


ਟੀਚਰ ਜੀ, ਕੀ ਪੈਰਾਸ਼ੂਟ ਗੋਲਾਕਾਰ ਹੀ ਹੁੰਦੇ ਹਨ?
ਨਹੀਂ ਕਿੱਟੀ! ਇਹ ਆਇਤਾਕਾਰ ਅਤੇ ਅੰਡਾਕਾਰ ਵੀ ਹੁੰਦੇ ਹਨ। ਨਾਲ ਹੀ ਰੰਗ-ਬਿਰੰਗੇ ਵੀ ਹੁੰਦੇ ਹਨ।
ਬੱਚਿਓ, ਪੈਰਾਸ਼ੂਟ ਨਾਲ ਉਡੱਣ ਵਾਲੇ ਵਿਅਕਤੀ ਨੂੰ ਕੀ ਕਹਿੰਦੇ ਹਨ?
ਟੀਚਰ ਜੀ, ਨਹੀਂ ਪਤਾ। ਕ੍ਰਿਪਾ ਕਰਕੇ ਆਪ ਹੀ ਦੱਸੋ।
ਪੈਰਾਸ਼ੂਟ ਨਾਲ ਉਡੱਣ ਵਾਲੇ ਨੂੰ ਸਕਾਈਡਾਈਵਰ ਕਹਿੰਦੇ ਹਨ।
ਜੀ, ਟੀਚਰ ਜੀ।


ਬੱਚਿਉ, ਅੱਜ ਦੇ ਸਮੇਂ ਵਿੱਚ ਪੈਰਾਸ਼ੂਟਿੰਗ ਇਕ ਅਜਿਹੀ ਖੇਡ ਬਣ ਗਈ ਹੈ ਜਿਸ ਵਿੱਚ ਸਕਾਈਡਾਈਵਰ ਆਕਾਸ਼ ਵਿੱਚ ਬਹੁਤ ਉਚਾਈ ਤਕ ਜਾ ਕੇ ਧਰਤੀ ਵੱਲ ਛਲਾਂਗ ਮਾਰਦੇ ਹਨ।
ਟੀਚਰ ਜੀ, ਕੀ ਉਹਨਾਂ ਨੂੰ ਡਰ ਨਹੀਂ ਲੱਗਦਾ?
ਡਰ ਕਿਉਂ ਲਗੇਗਾ ਜਿਹਾ? ਉਹ ਪੂਰੀ ਟ੍ਰੇਨਿੰਗ ਲੈਣ ਦੇ ਬਾਅਦ ਹੀ ਅਜਿਹਾ ਕਰਦੇ ਹਨ।
ਟੀਚਰ ਜੀ, ਆਪ ਨੇ ਪੈਰਾਸ਼ੂਟ ਦੇ ਬਾਰੇ ਦੱਸਿਆ। ਧੰਨਵਾਦ।



ਕਹਾਣੀ : ਸਾਬਿਰ ਹੁਸੈਨ

# ਆਜਾਦੀ ਦੇ ਬੇਰ ਮਿੱਠੇ

ਟੀਨੂ ਬਾਂਦਰ ਜਦ ਜੰਗਲ ਦੇ ਕੱਚੇ-ਪੱਕੇ ਫਲ ਖਾਂਦਾ ਤਾਂ ਉਹਨੂੰ ਉਹ ਮਦਾਰੀ ਦੇ ਬਾਂਦਰਾਂ ਦੀ ਯਾਦ ਆ ਜਾਂਦੀ। ਇਕ ਦਿਨ ਉਛਲਦਾ-ਕੁੱਦਦਾ ਇਕ ਪਿੰਡ ਦੇ ਨੇੜੇ ਪਹੁੰਚ ਗਿਆ ਸੀ। ਉਥੇ ਉਸਨੇ ਵੇਖਿਆ ਸੀ ਕਿ ਇਕ ਮਦਾਰੀ ਆਪਣੇ ਕੋਲ ਬੈਠੇ ਬਾਂਦਰਾਂ ਨੂੰ ਕੇਲੇ, ਮਿਠਾਈ ਅਤੇ ਰੋਟੀ ਖਿਲਾ ਰਿਹਾ ਸੀ। ਬਾਂਦਰਾਂ ਦੇ ਗਲੇ ਵਿੱਚ ਪੱਟਾ ਪਿਆ ਹੋਇਆ ਸੀ ਜੋ ਇਕ ਡੋਰੀ ਨਾਲ ਬੰਨ੍ਹਿਆਂ ਸੀ ਅਤੇ ਡੋਰੀ ਨੂੰ ਉਸ ਮਦਾਰੀ ਨੇ ਫੜ ਰੱਖਿਆ ਸੀ।

ਉਸ ਦਿਨ ਜੰਗਲ ਵਿੱਚ ਆ ਕੇ ਟੀਨੂ ਨੇ ਉਸ ਮਦਾਰੀ ਦੇ ਬਾਂਦਰਾਂ ਦੀ ਬੜੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਸੀ- ਮਜੇ ਤਾਂ ਉਸ ਮਦਾਰੀ ਦੇ ਬਾਂਦਰਾਂ ਦੇ ਹਨ ਜਿਨ੍ਹਾਂ ਨੂੰ ਨਾ ਗਰਮੀ ਦੀ ਚਿੰਤਾ, ਨਾ ਵਰਖਾ ਦੀ, ਨਾ ਭੋਜਨ ਦੀ ਭਾਲ ਵਿੱਚ ਭਟਕਣਾ। ਬਸ ਆਰਾਮ ਨਾਲ ਖਾਣਾ ਅਤੇ ਘੁੰਮਣਾ।

ਉਥੇ ਬੈਠੇ ਕਿਟੂੰ ਖਰਗੋਸ਼ ਨੇ ਕਿਹਾ ਸੀ - ਗੁਲਾਮੀ ਦੇ ਲੱਡੂਆਂ ਨਾਲੋਂ ਆਜ਼ਾਦੀ ਦੇ ਬੇਰ ਜ਼ਿਆਦਾ ਮਿੱਠੇ ਹੁੰਦੇ ਹਨ ਭਾਈ!

ਲੱਡੂ-ਲੱਡੂ ਹੁੰਦੇ ਹਨ ਅਤੇ ਬੇਰ ਤਾਂ ਬੇਰ ਹੀ ਹੁੰਦੇ ਹਨ। - ਟੀਨੂ ਨੇ ਕਿਹਾ ਸੀ।

ਟੀਨੂ ਇਹੀ ਸੋਚਦਾ ਕਿ ਉਹ ਵੀ ਕਿਸੇ ਮਦਾਰੀ ਦੇ ਕੋਲ ਚਲਾ ਜਾਏ ਤਾਂ ਨਾ ਖਾਣ ਦੀ ਚਿੰਤਾ ਰਹੇ ਅਤੇ ਨਾ ਰਹਿਣ ਦੀ। ਟੀਨੂ ਸੁਪਨੇ ਵਿੱਚ ਵੇਖਦਾ ਕਿ ਮਦਾਰੀ ਕੇਲੇ ਅਤੇ ਮਿਠਾਈ ਆਪਣੇ ਹੱਥਾਂ ਨਾਲ ਖਿਲਾ ਰਿਹਾ ਹੈ।

ਇਕ ਦਿਨ ਟੀਨੂ ਸੜਕ ਕਿਨਾਰੇ ਰੁੱਖ ਤੇ ਬੈਠਾ ਸੀ ਤਾਂ ਉਸ ਨੇ ਵੇਖਿਆ ਇਕ ਮਦਾਰੀ ਇਕ ਰੁੱਖ ਦੇ ਹੇਠਾਂ ਬੈਠਾ ਹੈ। ਉਸ ਦੇ ਕੋਲ ਇਕ ਬਾਂਦਰ ਅਤੇ ਬਾਂਦਰੀ ਡੋਰੀ ਨਾਲ ਬੱਝੇ ਉਛਲ-ਕੁਦ ਰਹੇ ਸਨ। ਟੀਨੂ ਨੇ ਸੋਚਿਆ ਇਹੀ ਮੌਕਾ ਹੈ ਜਦ ਉਹ ਵੀ ਮਦਾਰੀ ਨਾਲ ਰਹਿ ਸਕਦਾ ਹੈ।

ਟੀਨੂ ਖੁਸ਼ੀ ਨਾਲ ਕਿਲਕਾਰੀ ਮਾਰਦਾ ਮਦਾਰੀ ਦੇ ਬਾਂਦਰਾਂ ਕੋਲ ਜਾ ਬੈਠਾ। ਮਦਾਰੀ ਨੇ ਜਦ ਬਾਂਦਰ ਨੂੰ ਕੋਲ ਬੈਠੇ ਵੇਖਿਆ ਤਾਂ ਉਸ ਨੇ ਤੁਰੰਤ ਉਸ ਤੇ ਚਾਦਰ ਪਾ ਕੇ ਉਹਨੂੰ ਫੜ ਲਿਆ। ਮਦਾਰੀ ਨੂੰ ਪਹਿਲੀ ਵਾਰ ਅਜਿਹਾ ਬਾਂਦਰ ਮਿਲਿਆ ਸੀ ਜੋ ਆਸਾਨੀ ਨਾਲ ਪਕੜ ਵਿੱਚ ਆ ਗਿਆ ਸੀ।

ਓਇ ਤੂੰ ਤਾਂ ਖੁਦ ਹੀ ਆ ਕੇ ਫਸ ਗਿਆ। - ਮਦਾਰੀ ਦਾ ਬਾਂਦਰ ਹੈਰਾਨੀ ਨਾਲ ਬੋਲਿਆ।

ਮੈਂ ਜੰਗਲ ਵਿੱਖ ਖਾਣੇ ਦੀ ਭਾਲ ਵਿੱਚ ਘੁੰਮਦੇ-ਘੁੰਮਦੇ ਪ੍ਰੇਸ਼ਾਨ ਹੋ ਗਿਆ ਸੀ, ਇਸ ਲਈ ਖੁਦ ਇਥੇ ਆ ਗਿਆ। ਹੁਣ ਮੈਨੂੰ ਵੀ ਬੈਠੇ-ਬੈਠੇ ਵਧੀਆ ਖਾਣਾ ਮਿਲੇਗਾ। - ਟੀਨੂ ਬੋਲਿਆ।

ਗੁਲਾਮੀ ਦੀ ਜ਼ਿੰਦਗੀ ਵੀ ਕਿਤੇ ਚੰਗੀ ਹੁੰਦੀ ਹੈ? ਦਿਨ ਭਰ ਇਸ ਮਦਾਰੀ ਦੇ ਇਸ਼ਾਰੇ ਤੇ ਨੱਚਣਾ ਪੈਂਦਾ ਹੈ ਤਦ ਕਿਤੇ ਅੱਧਾ ਪੇਟ ਖਾਣਾ ਮਿਲਦਾ ਹੈ। - ਮਦਾਰੀ ਦੇ ਬਾਂਦਰ ਨੇ ਦੱਸਿਆ।



ਟੀਨੂ ਨੇ ਸੋਚਿਆ ਇਹ ਬਾਂਦਰ ਝੂਠ ਬੋਲ ਰਿਹਾ ਹੈ। ਪ੍ਰੰਤੂ ਸ਼ਾਮ ਨੂੰ ਮਦਾਰੀ ਨੇ ਸਚਮੁਚ ਉਸ ਨੂੰ ਖਾਣ ਲਈ ਕੁਝ ਨਹੀਂ ਦਿੱਤਾ ਬਲਕਿ ਡੰਡਾ ਵਿਖਾ ਕੇ ਉਹਨੂੰ ਨੱਚਣ ਦਾ ਇਸ਼ਾਰਾ ਕਰਨ ਲੱਗਾ। ਟੀਨੂ ਕੀ ਜਾਣੇ ਨੱਚਣਾ? ਜਦ ਉਹ ਨਹੀਂ ਨੱਚਿਆ ਤਾਂ ਮਦਾਰੀ ਨੇ ਉਸ ਨੂੰ ਤਿੰਨ-ਚਾਰ ਡੰਡੇ ਮਾਰ ਦਿੱਤੇ। ਰਾਤ ਭਰ ਟੀਨੂ ਭੁੱਖਾ ਬੱਝਾ ਰਿਹਾ।



ਸਵੇਰ ਹੁੰਦੇ ਹੀ ਮਦਾਰੀ ਨੇ ਟੀਨੂ ਦੀ ਫਿਰ ਕੁਟਾਈ ਕਰ ਦਿੱਤੀ ਤਾਕਿ ਉਹ ਡਰ ਜਾਏ ਅਤੇ ਉਸਦੇ ਇਸ਼ਾਰੇ ਤੇ ਨੱਚਣ ਲੱਗੇ।

ਜਦ ਤਕ ਤੂੰ ਮਦਾਰੀ ਦੇ ਇਸ਼ਾਰੇ ਤੇ ਨੱਚੇਗਾ ਨਹੀਂ ਇਹ ਮਦਾਰੀ ਇੰਝ ਹੀ ਕੁਟਾਈ ਕਰਦਾ ਰਹੇਗਾ ਅਤੇ ਖਾਣਾ ਵੀ ਨਹੀਂ ਦਏਗਾ। - ਮਦਾਰੀ ਦੇ ਬਾਂਦਰ ਨੇ ਦੱਸਿਆ।

ਟੀਨੂ ਮਨ ਹੀ ਮਨ ਵਿੱਚ ਪਛਤਾਅ ਰਿਹਾ ਸੀ ਕਿ ਉਹ ਕਿਉਂ ਮਦਾਰੀ ਦੇ ਚੁੰਗਲ ਵਿੱਚ ਆ ਫਸਿਆ। ਹੁਣ ਉਹਨੂੰ ਜੰਗਲ ਦੀ ਯਾਦ ਆ ਰਹੀ ਸੀ ਜਿਥੇ ਉਹ ਆਜਾਦੀ ਨਾਲ ਉਛਲਦਾ-ਕੁਦਦਾ ਘੁੰਮਿਆ ਕਰਦਾ ਸੀ। ਹੁਣ ਉਹਨੂੰ ਪਤਾ ਲੱਗ ਰਿਹਾ ਸੀ ਕਿ ਆਜ਼ਾਦੀ ਕੀ ਹੁੰਦੀ ਹੈ।

ਮਦਾਰੀ ਡੰਡਾ ਲੈ ਕੇ ਫਿਰ ਆ ਗਿਆ। ਟੀਨੂ ਡਰ ਦੇ ਮਾਰੇ ਦੋਵੇਂ ਪੈਰਾਂ ਤੇ ਸਿੱਧਾ ਖੜ੍ਹਾ ਹੋ ਕੇ ਉਛਲਣ-ਕੁੱਦਣ ਲੱਗਾ। ਮਦਾਰੀ ਖੁਸ਼ ਹੋ ਗਿਆ। ਉਹ ਸਮਝ ਗਿਆ ਕਿ ਉਹ ਟੀਨੂ ਨੂੰ ਨਚਾ ਲਏਗਾ। ਉਸ ਨੇ ਇਕ ਸੁੱਕੀ ਰੋਟੀ ਟੀਨੂ ਦੇ ਅਗੇ ਪਾ ਦਿੱਤੀ। ਟੀਨੂ ਨੇ ਕਿਸੇ ਤਰ੍ਹਾਂ ਉਹ ਸੁੱਕੀ ਰੋਟੀ ਖਾ ਲਈ।




ਟੀਨੂ ਉਥੋਂ ਭੱਜਣ ਦੀ ਤਰਕੀਬ ਸੋਚਣ ਲੱਗਾ। ਮਦਾਰੀ ਉਹਨੂੰ ਰੋਜ ਨੱਚਣਾ ਸਿਖਾਉਂਦਾ ਅਤੇ ਕੁਟਾਈ ਕਰਦਾ। ਕੁਟਾਈ ਦੇ ਕਾਰਣ ਟੀਨੂ ਦਾ ਪੂਰਾ ਸਰੀਰ ਦਰਦ ਕਰਦਾ ਰਹਿੰਦਾ ਅਤੇ ਉਹ ਰੋਂਦਾ ਰਹਿੰਦਾ। ਉਹ ਸੋਚਦਾ ਰਹਿੰਦਾ ਕਿ ਕਿਸੇ ਤਰ੍ਹਾਂ ਛੁੱਟ ਕੇ ਆਪਣੇ ਜੰਗਲ ਵਿੱਚ ਚਲਾ ਜਾਏ ਜਿਥੇ ਉਹ ਫਿਰ ਆਜ਼ਾਦੀ ਨਾਲ ਰਹੇ।

ਟੀਨੂ ਨੇ ਡੋਰੀ ਕੱਟਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਹ ਬਹੁਤ ਮਜ਼ਬੂਤ ਸੀ। ਉਹ ਸਮਝ ਗਿਆ ਸੀ ਕਿ ਹੁਣ ਉਸਦੀ ਜ਼ਿੰਦਗੀ ਗੁਲਾਮੀ ਵਿੱਚ ਹੀ ਕੱਟੇਗੀ ਲੇਕਿਨ ਉਸਨੇ ਹਿੰਮਤ ਨਹੀਂ ਹਾਰੀ ਸੀ।

ਇਕ ਦਿਨ ਟੀਨੂ ਉਛਲਿਆ ਤਾਂ ਗਲੇ ਦੀ ਡੋਰੀ ਕੱਸਣ ਲੱਗੀ, ਟੀਨੂ ਨੂੰ ਤੁਰੰਤ ਇਕ ਯੁਗਤ ਸੁੱਝੀ। ਉਹ ਜੀਭ ਕੱਢ ਕੇ ਇੰਝ ਲੇਟ ਗਿਆ ਜਿਵੇਂ ਉਸਦਾ ਗਲਾ ਕੱਸਿਆ ਗਿਆ ਹੋਵੇ। ਤਦੇ ਮਦਾਰੀ ਉਥੇ ਆ ਗਿਆ, ਉਸ ਨੇ ਟੀਨੂ ਦੀ ਹਾਲਤ ਵੇਖੀ ਤਾਂ ਉਹ ਸਮਝ ਗਿਆ ਕਿ ਟੀਨੂ ਮਰਨ ਵਾਲਾ ਹੈ। ਉਸਨੇ ਟੀਨੂ ਦੇ ਗਲੇ ਦੀ ਡੋਰੀ ਖੋਲ੍ਹ ਦਿੱਤੀ। ਟੀਨੂ ਉਠਿਆ ਅਤੇ ਘਰ ਤੋਂ ਬਾਹਰ ਵੱਲ ਭੱਜਿਆ। ਮਦਾਰੀ ਉਹਨੂੰ ਭੱਜਦਾ ਵੇਖ ਕੇ ਡੰਡਾ ਲੈ ਕੇ ਦੌੜਿਆ ਲੇਕਿਨ ਟੀਨੂ ਭੱਜਦਾ ਹੀ ਚਲਾ ਗਿਆ ਅਤੇ ਜੰਗਲ ਵਿੱਚ ਜਾ ਹੀ ਰੁੱਕਿਆ। ਹੁਣ ਉਹ ਵੀ ਕਹਿੰਦਾ ਹੈ -

ਗੁਲਾਮੀ ਦੇ ਲੱਡੂਆਂ ਨਾਲੋਂ ਆਜ਼ਾਦੀ ਦੇ ਬੇਰ ਮਿੱਠੇ।



❑ ਵਿਦਿਆ ਪ੍ਰਕਾਸ਼

# ਸਭ ਤੋਂ ਲੰਮੀ ਰੇਲ ਸੁਰੰਗ

ਸੰਸਾਰ ਵਿੱਚ ਅਨੇਕ ਇਹੋ ਜਿਹੀਆਂ ਸੁਰੰਗਾਂ ਹਨ ਜੋ ਆਪਣੀ ਲੰਬਾਈ ਲਈ ਮਸ਼ਹੂਰ ਹਨ। ਇਹਨਾਂ ਸੁਰੰਗਾਂ ਦਾ ਨਿਰਮਾਣ ਆਵਾਜਾਈ ਵਿੱਚ ਸਹੂਲਤ ਦੀ ਨਜ਼ਰ ਨਾਲ ਕੀਤਾ ਗਿਆ ਹੈ।

**ਸੀਕਨ ਰੇਲ ਸੁਰੰਗ** :- ਜਾਪਾਨ ਵਿੱਚ ਬਣੀ 53.85 ਕਿਲੋਮੀਟਰ ਲੰਮੀ ਰੇਲ ਸੁਰੰਗ ਹੈ। ਸੰਨ 1988 ਤੋਂ ਸ਼ੁਰੂ ਹੋਈ ਇਹ ਸੁਰੰਗ ਜਾਪਾਨ ਵਿੱਚ ਹੋਂਸ਼ੂ ਦੇ ਮੁੱਖ ਟਾਪੂ ਅਤੇ ਹੋਕਾਈਡੋ ਦੇ ਉਤੱਰੀ ਟਾਪ ਨੂੰ ਜੋੜਦੀ ਹੈ।

**ਚੈਨਲ ਸੁਰੰਗ** : ਇੰਗਲੈਂਡ ਅਤੇ ਫਰਾਂਸ ਨੂੰ ਜੋੜਨ ਵਾਲੀ ਇਹ ਸੁਰੰਗ 50.5 ਕਿਲੋਮੀਟਰ ਲੰਮੀ ਹੈ ਇਹ ਰੇਲ ਸੁਰੰਗ ਫਰਾਂਸ ਦੇ ਉਤੱਰੀ ਤਟ ਅਤੇ ਇੰਗਲੈਂਡ ਦੇ ਦੱਖਣੀ ਤੱਟ ਨੂੰ ਜੋੜਦੀ ਹੈ। 6 ਮਈ 1994 ਨੂੰ ਇਸ ਸੁਰੰਗ ਦੀ ਸ਼ੁਰੂਆਤ ਕੀਤੀ ਗਈ।

**ਲਾਟਸ਼ਬਰਗ ਸੁਰੰਗ** :- 34.57 ਕਿਲੋਮੀਟਰ ਲੰਮੀ ਇਹ ਰੇਲ ਸੁਰੰਗ ਸਵਿਟਜਰਲੈਂਡ ਵਿੱਚ ਆਲਪਸ ਦੇ ਲਾਟਸ਼ਬਰਗ ਪਰਬਤ ਦੀਆਂ ਸ਼ਾਖਾਵਾਂ ਤੋਂ ਹੋ ਕੇ ਗਈ ਹੈ। ਵਰਤਮਾਨ ਸਮੇਂ ਵਿੱਚ ਇਹ ਸੰਸਾਰ ਦੀ ਸਭ ਤੋਂ ਲੰਮੀ ਜਮੀਨੀ ਸੁਰੰਗ (ਲੈਂਡ ਟਨਲ) ਹੈ ਜੋ ਸੰਨ 2007 ਤੋਂ ਇਸਤੇਮਾਲ ਵਿੱਚ ਆ ਰਹੀ ਹੈ।

**ਗੁਡਾਰਰਮ ਸੁਰੰਗ** :- ਸਪੇਨ ਦੀ 28.4 ਕਿਲੋਮੀਟਰ ਲੰਮੀ ਇਹ ਸੁਰੰਗ ਸੇਵਿਲੀ ਦੇ ਨੇੜੇ ਗੁਡਾਰਰਮ ਪਰਬਤ ਤੋਂ ਹੋ ਕੇ ਨਿਕਲਦੀ ਹੈ। ਟਰੈਫਿਕ ਲਈ ਇਹ ਸੁਰੰਗ ਸਾਲ 2007 ਵਿੱਚ ਖੋਲ੍ਹੀ ਗਈ। ਮੈਡ੍ਰਿਡ ਅਤੇ ਵੇਲਾਡੋਲਿਡ ਰੂਟ ਦੀ ਇਸ ਸੁਰੰਗ ਦਾ ਇਸਤੇਮਾਲ ਏ ਵੀ ਈ ਹਾਈ ਸਪੀਡ ਟ੍ਰੇਨਾਂ ਲਈ ਕੀਤਾ ਜਾਂਦਾ ਹੈ।

**ਸਭ ਤੋਂ ਲੰਮੀ ਸੁਰੰਗ** :- ਸਵਿਟਜਰਲੈਂਡ ਵਿੱਚ ਬਣੀ ਆਲਪਸ ਪਰਬਤ ਵਿੱਚ ਸੰਸਾਰ ਦੀ ਸਭ ਤੋਂ ਲੰਮੀ ਸੁਰੰਗ ਦੀ ਖੁਦਾਈ ਦਾ ਕੰਮ ਪੂਰਾ ਹੋ ਚੁੱਕਿਆ ਹੈ। ਗਾਥਰਡ ਬੇਸ ਲਿੰਕ ਦੀ ਖੁਦਾਈ ਦਾ ਕੰਮ 15 ਸਾਲ ਬਾਅਦ ਪੂਰਾ ਕਰ ਲਿਆ ਗਿਆ। 57 ਕਿਲੋਮੀਟਰ ਲੰਮੀ ਇਹ ਸੁਰੰਗ ਇਟਲੀ ਦੇ ਮਿਲਾਨ ਅਤੇ ਸਵਿੱਟਜਰਲੈਂਡ ਦੇ ਜਯੂਰਿਖ ਦੇ ਵਿਚਕਾਰ ਯਾਤਰਾ ਵਿੱਚ ਲੱਗਣ ਵਾਲੇ ਸਮੇਂ ਨੂੰ ਡੇਢ ਘੰਟਾ ਘੱਟ ਕਰ ਦੇਵੇਗੀ ਅਤੇ ਇਸ ਨਾਲ ਸਮੇਂ ਦੀ ਬਚਤ ਹੋਵੇਗੀ। ਇਸਦੇ ਚਾਲੂ ਹੋ ਜਾਣ ਤੋਂ ਬਾਅਦ ਇਹ ਸੰਸਾਰ ਵਿੱਚ ਸਭ ਤੋਂ ਲੰਮੀ ਸੁਰੰਗ ਹੋਵੇਗੀ।

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1. ਅਰਜੁਨ
2. ਰਾਜਸਥਾਨ
3. ਤਹਿਰਾਨ
4. ਸ਼ਤਰੂਘਨ
5. ਲਾਰਡ ਇਰਵਨ
6. ਵਾਮਨ
7. ਆਕਸੀਜਨ
8. ਰਾਮਕ੍ਰਿਸ਼ਣ ਮਿਸ਼ਨ
9. ਰਾਜੀਵ ਗਾਂਧੀ ਖੇਡ ਰਤਨ
10. ਸਰਵਪੱਲੀ ਰਾਧਾਕ੍ਰਿਸ਼ਣਨ
11. ਪਾਕਿਸਤਾਨ
12. ਅਬਦੁੱਲ ਗੱਫ਼ਾਰ ਖਾਨ
13. ਤੀਨਮੂਰਤੀ ਭਵਨ
14. ਸਿਲੋਨ

# ਕੀ ਤੁਸੀਂ ਜਾਣਦੇ ਹੋ




❖ ਭਾਰਤ ਦੇ ਪਹਿਲੇ ਮੁਖ ਸੈਨਾਪਤੀ ਜਨਰਲ ਕੇ. ਐਮ. ਕਰਿਅੱਪਾ ਸਨ।

❖ ਰਿਕਸ਼ਾ ਸਭ ਤੋਂ ਪਹਿਲਾਂ 1869 ਵਿੱਚ ਜਾਪਾਨ ਵਿੱਚ ਇਸਤੇਮਾਲ ਕੀਤਾ ਗਿਆ ਸੀ।

❖ ਚਾਰ ਦਿਨ ਦਾ ਹਫ਼ਤਾ ਤਿੱਬਤ ਵਿੱਚ ਮਨਾਇਆ ਜਾਂਦਾ ਹੈ।

❖ ਸਭ ਤੋਂ ਪਹਿਲਾਂ ਪੋਸਟਕਾਰਡ ਹੰਗਰੀ ਵਿੱਚ ਚਲਾਇਆ ਗਿਆ ਸੀ।

❖ ਯਜੁਰਵੇਦ ਦੀ ਰਚਨਾ ਗਦ ਅਤੇ ਪਦ ਦੋਨਾਂ ਵਿੱਚ ਕੀਤੀ ਗਈ ਹੈ।

❖ ਸ਼ੁਕਰ ਗ੍ਰਹਿ ਨੂੰ ਭੋਰ ਦਾ ਤਾਰਾ ਕਿਹਾ ਜਾਂਦਾ ਹੈ।

❖ ਭਾਰਤ ਦੀ ਪਹਿਲੀ ਬੋਲਦੀ ਫਿਲਮ 'ਆਲਮਆਰਾ' ਸੀ।

❖ ਮੰਗਲ ਗ੍ਰਹਿ ਨੂੰ ਲਾਲ ਗ੍ਰਹਿ ਵੀ ਕਿਹਾ ਜਾਂਦਾ ਹੈ।

❖ ਸ਼ੁਕਰ ਗ੍ਰਹਿ ਨੂੰ ਪ੍ਰਿਥਵੀ ਦੀ ਜੁੜਵਾਂ ਭੈਣ ਕਿਹਾ ਜਾਂਦਾ ਹੈ।

❖ 'ਗੁਗਲੀ' ਸ਼ਬਦ ਕ੍ਰਿਕੇਟ ਖੇਡ ਨਾਲ ਸੰਬੰਧਿਤ ਹੈ।

❖ ਭਰਤਨਾਟਯਮ ਦਾ ਆਰੰਭ ਤਮਿਲਨਾਡੂ ਵਿੱਚ ਹੋਇਆ ਸੀ।

❖ ਉਡੱਣ ਵਾਲੇ ਸੱਪ ਮਲੇਸ਼ੀਆ ਵਿੱਚ ਪਾਏ ਜਾਂਦੇ ਹਨ।

❖ ਬੇਲਜੀਅਮ ਇਕ ਅਜਿਹਾ ਦੇਸ਼ ਹੈ ਜਿਥੇ ਨੰਗੇ ਪੈਰ ਚੱਲਣ ਵਾਲਿਆਂ ਨੂੰ ਦੰਡ ਦਿਤਾ ਜਾਂਦਾ ਹੈ।

❖ ਅਫਰੀਕਾ ਦੇ ਸ਼ਹਿਰ ਟੀਮਜਾ ਵਿੱਚ ਸਾਰੇ ਮਕਾਨ ਨਮਕ ਨਾਲ ਬਣੇ ਹੁੰਦੇ ਹਨ।

❖ ਅਮਰੀਕਾ ਦੇ ਨਿਊਜਰਸੀ ਸ਼ਹਿਰ ਤੋਂ ਵਿਸ਼ਵ ਦਾ ਪਹਿਲਾ ਟੈਲੀਗਰਾਫ ਸੰਦੇਸ਼ ਭੇਜਿਆ ਗਿਆ ਸੀ।

❖ ਸੰਨ 1973 ਵਿਚ ਸੋਵੀਅਤ ਸੰਘ ਨੇ ਚੰਨ ਵਾਸਤੇ ਮਾਨਵਰਹਿਤ ਪੁਲਾੜ ਉਡਾਣ ਲੂਨਾ-21 ਭੇਜਿਆ ਸੀ।

❖ ਭਾਰਤੀ ਸੈਨਾ ਦੇ ਪਹਿਲੇ ਕਮਾਂਡਰ-ਇਨ-ਚੀਫ ਕੇ ਐਮ ਕਰਿਅੱਪਾ ਦੁਆਰਾ ਸੰਨ 1949 ਵਿਚ ਅਹੁਦਾ ਸੰਭਾਲਣ ਦੀ ਯਾਦ ਵਿਚ ਸੈਨਾ ਦਿਵਸ ਮਨਾਇਆ ਜਾਂਦਾ ਹੈ।

❖ ਬਾਂਦਰ ਦੀ ਸਭ ਤੋਂ ਛੋਟੇ ਆਕਾਰ ਦੀ ਪ੍ਰਜਾਤੀ ਨੂੰ ਮਾਊਸ ਲੇਮੂਰ ਕਿਹਾ ਜਾਂਦਾ ਹੈ ਜੋ ਮੇਡਾਗਾਸਕਰ ਦੀਪ ਵਿਚ ਮਿਲਦੀ ਹੈ।

ਸੰਗ੍ਰਹਿਕਰਤਾ - ਭਾਰਤਭੂਸ਼ਣ ਸ਼ੁਕਲ

ਮਿਥਿਹਾਸਕ ਕਥਾ : ਦੀਪਾਸ਼ੂ ਜੈਨ

# ਚੋਰੀ ਦਾ ਦੰਡ

ਗੰਗਾ ਦੇ ਕਿਨਾਰੇ ਦੋ ਆਸ਼ਰਮ ਸਨ। ਦੋਹਾਂ ਹੀ ਆਸ਼ਰਮਾਂ ਵਿੱਚ ਵਿਦਿਆਰਥੀ ਦੂਰ-ਦੂਰ ਤੋਂ ਪੜ੍ਹਨ ਆਉਂਦੇ ਸਨ। ਇਕ ਦੇ ਸੁਆਮੀ ਸਨ ਸ਼ੰਖ ਅਤੇ ਦੂਸਰੇ ਦੇ ਲਿਖਿਤ। ਦੋਵੇਂ ਭਰਾ ਹੀ ਸਨ। ਸ਼ੰਖ ਵੱਡੇ ਸਨ ਅਤੇ ਲਿਖਿਤ ਛੋਟੇ। ਦੋਵੇਂ ਹੀ ਭਰਾ ਸਿਧਾਂਤਾਂ ਦੇ ਪੱਕੇ ਹੋਣ ਦੇ ਰੂਪ ਵਿੱਚ ਪ੍ਰਸਿੱਧ ਸਨ।

ਇਕ ਦਿਨ ਦੀ ਗੱਲ ਹੈ ਲਿਖਿਤ ਆਪਣੇ ਵੱਡੇ ਭਰਾ ਸ਼ੰਖ ਦੇ ਆਸ਼ਰਮ ਪਹੁੰਚੇ। ਉਹ ਕਿਤੇ ਗਏ ਹੋਏ ਸਨ। ਕੁਝ ਦੇਰ ਲਿਖਿਤ ਉਹਨਾਂ ਦੀ ਕੁਟੀਆ ਦੇ ਦਰਵਾਜੇ ਤੇ ਹੀ ਉਹਨਾਂ ਦੀ ਉਡੀਕ ਕਰਦੇ ਰਹੇ, ਫਿਰ ਬਗੀਚੇ ਵੱਲ ਨਿਕਲ ਪਏ। ਟਹਿਲਦੇ-ਟਹਿਲਦੇ ਉਹਨਾਂ ਦੀ ਨਜ਼ਰ ਪੱਕੇ ਹੋਏ ਸੁੰਦਰ-ਸੁੰਦਰ ਫਲਾਂ ਤੇ ਪਈ। ਉਹਨਾਂ ਦਾ ਮਨ ਲਲਚਾ ਗਿਆ। ਉਹਨਾਂ ਨੇ ਹੱਥ ਵਧਾ ਕੇ ਕੁਝ ਫਲ ਤੋੜ ਲਏ।

ਉਹ ਉਹਨਾਂ ਨੂੰ ਖਾਣ ਹੀ ਵਾਲੇ ਸਨ ਕਿ ਸ਼ੰਖ ਆ ਗਏ। ਇਹ ਵੇਖ ਕੇ ਉਹਨਾਂ ਨੇ ਛੋਟੇ ਭਰਾ ਨੂੰ ਪੁੱਛਿਆ, ''ਕੀ ਭੁੱਖ ਜ਼ਿਆਦਾ ਲੱਗੀ ਹੈ? ਇਹ ਫਲ ਤੈਨੂੰ ਕਿਥੋਂ ਮਿਲੇ?''

ਲਿਖਿਤ ਨੇ ਅਗੇ ਵਧ ਕੇ ਉਹਨਾਂ ਦੇ ਪੈਰ ਛੂਹੇ ਅਤੇ ਬੋਲੇ, ''ਇਹ ਫਲ ਆਪ ਦੇ ਆਸ਼ਰਮ ਦੇ ਹੀ ਹਨ... ਭੁੱਖ ਤਾਂ ਨਹੀਂ ਸੀ ਪਰ ਇਹਨਾਂ ਨੂੰ ਵੇਖ ਕੇ ਜੀਅ ਲਲਚਾ ਗਿਆ।''

ਐਨਾ ਸੁਣਦੇ ਹੀ ਸ਼ੰਖ ਗੰਭੀਰ ਹੋ ਗਏ। ਬੋਲੇ, ''ਭਾਈ, ਇਹ ਤਾਂ ਚੋਰੀ ਹੋਈ। ਮੈਨੂੰ ਬਿਨਾ ਪੁੱਛੇ ਮੇਰੇ ਆਸ਼ਰਮ ਦੇ ਫਲਾਂ ਨੂੰ ਤੋੜਨ ਦਾ ਹੌਸਲਾ ਤੈਨੂੰ ਕਿਵੇਂ ਹੋਇਆ?''

ਲਿਖਿਤ ਗਰਦਨ ਝੁਕਾਏ ਮੌਨ ਖੜੇ ਸਨ।

ਸ਼ੰਖ ਬੋਲੇ, ''ਤੁਸੀਂ ਹੁਣੇ ਰਾਜਾ ਕੋਲ ਜਾਉ ਅਤੇ ਕਹੋ ਕਿ ਮੈਂ ਚੋਰੀ ਕੀਤੀ ਹੈ, ਮੈਂ ਚੋਰ ਹਾਂ, ਮੈਨੂੰ ਦੰਡ ਦਿਉ।'' ਇਹ ਕਹਿ ਕੇ ਉਹ ਕੁਟੀਆ ਵੱਲ ਚਲ ਪਏ। ਲਿਖਿਤ ਉਥੇ ਖੜੇ ਦੇ ਖੜੇ ਰਹਿ ਗਏ। ਉਹਨਾਂ ਦਾ ਮਨ ਪਛਤਾਵੇ ਨਾਲ ਭਰ ਗਿਆ ਸੀ।

ਲਿਖਿਤ ਰਾਜਾ ਕੋਲ ਪਹੁੰਚੇ। ਦਰਬਾਰ ਲਗਾ ਹੋਇਆ ਸੀ। ਮਹਾਰਾਜ ਕਿਸੇ ਸੰਗੀਨ ਮਾਮਲੇ ਤੇ ਫੈਸਲਾ ਸੁਣਾ ਰਹੇ ਸਨ। ਦੁਆਰਪਾਲ ਨੇ ਲਿਖਿਤ ਦੇ ਆਉਣ ਦਾ ਸਮਾਚਾਰ ਮਹਾਰਾਜ ਤਕ ਪਹੁੰਚਾਇਆ। ਇਹ ਸਮਾਚਾਰ ਸੁਣਦੇ ਹੀ





ਮਹਾਰਾਜ ਨੇ ਆਪਣੇ ਮੰਤਰੀਆਂ ਸਹਿਤ ਪੈਦਲ ਚੱਲ ਕੇ ਉਹਨਾਂ ਦਾ ਸੁਆਗਤ ਕੀਤਾ ਅਤੇ ਪੁੱਛਿਆ, ''ਮਹਾਰਾਜ ਲਿਖਿਤ ! ਕਿਵੇਂ ਆਉਣਾ ਹੋਇਆ? ਕਹੋ ਕੀ ਆਗਿਆ ਹੈ?

ਉੱਤਰ ਵਿੱਚ ਲਿਖਿਤ ਨੇ ਸਾਰੀ ਘਟਨਾ ਬਿਆਨ ਕਰ ਦਿੱਤੀ ਅਤੇ ਦੰਡ ਲਈ ਮਹਾਰਾਜ ਨੂੰ ਪ੍ਰਾਰਥਨਾ ਕਰਦੇ ਹੋਏ ਬੋਲੇ, ''ਮਹਾਰਾਜ, ਦੇਰੀ ਨਾ ਕਰੋ ਕਿਉਂਕਿ ਮੈਂ ਚੋਰੀ ਵਰਗਾ ਕੰਮ ਕੀਤਾ ਹੈ...''

ਇਹ ਸੁਣ ਕੇ ਸਾਰੇ ਹੈਰਾਨ ਰਹਿ ਗਏ। ਮਹਾਰਾਜ ਨੇ ਉਹਨਾਂ ਨੂੰ ਬਹੁਤ ਸਮਝਾਇਆ ਕਿ ਇਹ ਕੋਈ ਐਸਾ ਅਪਰਾਧ ਨਹੀਂ ਹੈ, ਜਿਸ ਤੇ ਆਪ ਐਨੇ ਗੰਭੀਰ ਹੋ ਗਏ ਹੋ। ਲੇਕਿਨ ਲਿਖਿਤ ਸਨ ਕਿ ਆਪਣੀ ਗੱਲ ਤੇ ਅੜੇ ਹੀ ਰਹੇ।

ਇਸ ਤੇ ਰਾਜਾ ਨੇ ਆਪਣੇ ਸਿਪਾਹੀਆਂ ਨਾਲ ਸਲਾਹ-ਮਸ਼ਵਰਾ ਕਰਨ ਲਈ ਥੋੜਾ ਸਮਾਂ ਮੰਗਿਆ ਲੇਕਿਨ ਲਿਖਿਤ ਬੋਲੇ, ''ਰਾਜਨ! ਆਪ ਦੇ ਨਿਰਣੇ ਵਿੱਚ ਦੇਰ ਹੋਈ ਤਾਂ ਨਿਆਂ ਨਹੀਂ ਹੋ ਸਕੇਗਾ। ਹੋ ਸਕਦਾ ਹੈ ਕਿ ਆਪ ਦੇ ਮੰਤਰੀਆਂ ਨੂੰ ਮੇਰੇ ਤੇ ਦਯਾ ਆ ਜਾਏ.... ਜਾਂ ਕਹਿਣ ਕਿ ਇਹ ਅਜਿਹਾ ਅਪਰਾਧ ਨਹੀਂ ਹੈ, ਜਿਸ ਤੇ ਦੰਡ ਦੇਣਾ ਜ਼ਰੂਰੀ ਹੋਵੇ।''

ਲਿਖਿਤ ਦਾ ਇਹ ਉੱਤਰ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ। ਕਿਉਂਕਿ ਫਲ ਉਹਨਾਂ ਦੇ ਹੱਥਾਂ ਨੇ ਤੋੜੇ ਸਨ, ਇਸ ਲਈ ਰਾਜਾ ਨੇ ਉਹਨਾਂ ਦੇ ਹੱਥ ਕਟਵਾ ਦਿੱਤੇ, ਪ੍ਰੰਤੂ ਲਿਖਿਤ ਇਕਦਮ ਮੌਨ ਸਨ। ਉਹਨਾਂ ਦੇ ਚਿਹਰੇ ਤੇ ਮਲਾਲ ਤਕ ਨਹੀਂ ਸੀ।

ਹੁਣ ਲਿਖਿਤ ਆਪਣੇ ਵੱਡੇ ਭਰਾ ਦੇ ਕੋਲ ਪਹੁੰਚੇ। ਉਹਨਾਂ ਦੇ ਪੈਰਾਂ ਵਿੱਚ ਡਿਗ ਗਏ ਅਤੇ ਬੋਲੇ, ''ਇਸ ਦੰਡ ਪ੍ਰਾਪਤ, ਪਾਪੀ ਭਰਾ ਨੂੰ ਮਾਫ਼ ਕਰੋ।''

ਛੋਟੇ ਭਰਾ ਦਾ ਹਾਲ ਵੇਖ ਕੇ ਵੱਡੇ ਭਰਾ ਦੀਆਂ ਅੱਖਾਂ ਭਰ ਆਈਆਂ। ਉਹਨਾਂ ਨੇ ਅਗੇ ਵੱਧ ਕੇ ਲਿਖਿਤ ਨੂੰ ਗਲ ਨਾਲ ਲਾ ਲਿਆ ਅਤੇ ਬੋਲੇ, ''ਭਾਈ, ਮੈਂ ਗੁੱਸੇ ਵਿੱਚ ਆ ਕੇ ਤੈਨੂੰ ਰਾਜਾ ਕੋਲ ਨਹੀਂ ਭੇਜਿਆ ਸੀ, ਬਲਕਿ ਤੇਰੇ ਤੋਂ ਚੋਰੀ ਵਰਗਾ ਘ੍ਰਿਣਤ ਕੰਮ ਹੋ ਗਿਆ ਸੀ, ਜਿਸ ਦਾ ਪਛਤਾਵਾ ਜ਼ਰੂਰੀ ਸੀ। ਰਾਜਾ ਦੇ ਦੰਡ ਨਾਲ



ਉਹ ਹੋ ਗਿਆ, ਹੁਣ ਤੇਰੇ ਚਰਿੱਤਰ ਤੇ ਕੋਈ ਦਾਗ ਨਹੀਂ ਹੈ...ਅਗਰ ਅਜਿਹਾ ਨਾ ਹੁੰਦਾ ਤਾਂ ਸਾਡੀ ਕੁਲ ਤੇ ਚੋਰੀ ਦਾ ਕਲੰਕ ਲਗ ਜਾਂਦਾ।''

''ਹੁਣ ਆਗਿਆ ਦਿਉ...''

''ਜਾਉ ਭਾਈ, ਨਦੀ ਤੇ ਜਾਉ ਅਤੇ ਨਹਾ ਕੇ ਆਪਣੇ ਪੁਰਖਿਆਂ ਨੂੰ ਜਲਾਂਜਲੀ ਦਿਉ ਅਤੇ ਉਹਨਾਂ ਦੀ ਨਰਾਜ਼ਗੀ ਦੂਰ ਕਰੋ।''

ਇਹ ਸੁਣ ਕੇ ਲਿਖਿਤ ਨੂੰ ਬੜੀ ਹੈਰਾਨੀ ਹੋਈ। ਬਿਨਾਂ ਹੱਥਾਂ ਦੇ ਉਹ ਜਲਾਂਜਲੀ ਕਿਵੇਂ ਦੇਵੇ? ਫਿਰ ਵੀ ਵੱਡੇ ਭਰਾ ਦੀ ਆਗਿਆ ਮੰਨ ਕੇ ਉਹ ਨਦੀ ਤਟ ਤੇ ਪਹੁੰਚੇ। ਉਹਨਾਂ ਨੇ ਇਕ ਡੁਬਕੀ ਲਗਾਈ। ਜਿਉਂ ਹੀ ਉਹ ਬਾਹਰ ਨਿਕਲੇ ਤਾਂ ਉਸ ਦੀਆਂ ਅੱਖਾਂ ਹੈਰਾਨੀ ਨਾਲ ਭਰ ਗਈਆਂ। ਉਸ ਦੇ ਦੋਵੇਂ ਹੱਥ ਸਹੀ-ਸਲਾਮਤ ਸਨ। ਉਹ ਨਦੀ ਤੋਂ ਬਾਹਰ ਨਿਕਲੇ ਅਤੇ ਭੱਜੇ-ਭੱਜੇ ਭਰਾ ਦੇ ਕੋਲ ਪਹੁੰਚੇ। ਉਹ ਵੀ ਇਹ ਵੇਖ ਕੇ ਬਹੁਤ ਖੁਸ਼ ਹੋਏ ਅਤੇ ਬੋਲੇ, ''ਆਦਮੀ ਕਿੰਨਾ ਹੀ ਤਪ ਕਰੇ ਲੇਕਿਨ ਆਚਰਣ ਅਗਰ ਸ਼ੁੱਧ ਨਹੀਂ ਹੈ ਤਾਂ ਸਭ ਬੇਕਾਰ ਹੈ।''

ਇਹ ਸੁਣ ਕੇ ਲਿਖਿਤ ਨੇ ਝੁਕ ਕੇ ਉਹਨਾਂ ਦੇ ਪੈਰ ਛੂਹ ਲਏ।



❑ ਡਾ: ਪਰਸ਼ੂਰਾਮ

# ਦਾਦਾ-ਦਾਦੀ, ਮੰਮੀ-ਪਾਪਾ

ਦਾਦਾ-ਦਾਦੀ, ਮੰਮੀ-ਪਾਪਾ,
ਸਾਰੇ ਜਗ ਤੋਂ ਨਿਆਰੇ।
ਸਿਧੇ-ਸਾਦੇ ਸਭ ਤੋਂ ਅੱਛੇ,
ਮੈਨੂੰ ਲੱਗਦੇ ਪਿਆਰੇ।



ਰੋਜ਼ ਸਵੇਰੇ ਬਸਤਾ ਲੈ ਕੇ,
ਮੈਂ ਪੜ੍ਹਨ ਲਈ ਜਾਂਦਾ।
ਪਾਪਾ ਆਉਂਦੇ ਅੱਠ ਵਜੇ ਤਕ,
ਮੈਂ ਜਲਦੀ ਆ ਜਾਂਦਾ।

ਦਾਦਾ ਜੀ ਨੂੰ ਮੈਂ ਸਕੂਲ ਦਾ,
ਸਾਰਾ ਹਾਲ ਸੁਣਾਂਦਾ।
ਉਸ ਸਮੇਂ ਖਾਣਾ ਟੇਬਲ ਤੇ,
ਗਰਮ-ਗਰਮ ਆ ਜਾਂਦਾ।

ਦਾਦਾ-ਦਾਦੀ, ਮੰਮੀ-ਪਾਪਾ,
ਸਾਰੇ ਮਿਲ ਕੇ ਖਾਂਦੇ।
ਖਾਣਾ ਖਾਣ ਵੇਲੇ ਵੀ ਸਾਰੇ,
ਗੱਲਾਂ ਖੂਬ ਸੁਣਾਂਦੇ।

ਬੱਚਿਆਂ ਵਾਲੀਆਂ ਗੱਲਾਂ ਕਰਦੇ,
ਆਪਣੇ ਬਚਪਨ ਵਾਲੀਆਂ।
ਆਪਣੇ ਘਰ ਦੀਆਂ ਅਤੇ ਸੇਵਾ ਦੀਆਂ,
ਗੱਲਾਂ ਸਭ ਨਿਆਰੀਆਂ।



ਆਪਣੇ ਮਨ ਵਿੱਚ ਸੋਚ ਰਿਹਾਂ ਹਾਂ,
ਝੱਟ ਵੱਡਾ ਹੋ ਜਾਵਾਂ।
ਸਭ ਦੀ ਸੇਵਾ ਕਰਕੇ ਮੈਂ ਵੀ,
ਜੀਵਨ ਸਫਲ ਬਣਾਵਾਂ।


ਲੇਖ : ਪੁਸ਼ਪਿੰਦਰ

# ਜਿਰਾਫ

ਅਫਰੀਕਾ ਵਿੱਚ ਪਾਏ ਜਾਣ ਵਾਲੇ ਜਿਰਾਫ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਇਸਦੀ ਗਿਣਤੀ ਵਿਸ਼ਵ ਦੇ ਚਾਰ ਵਿਸ਼ਾਲਤਮ ਜੀਵਾਂ ਵਿੱਚ ਕੀਤੀ ਜਾਂਦੀ ਹੈ। ਇਸਦੀ ਉਚਾਈ ਦਾ ਤਾਂ ਕਹਿਣਾ ਹੀ ਕੀ? ਜਿਰਾਫ ਨੂੰ ਮਹੱਤਵ ਇਸ ਲਈ ਦਿਤਾ ਜਾਂਦਾ ਹੈ ਕਿ ਇਸਦੀ ਗਰਦਨ ਕਾਫੀ ਲੰਬੀ ਹੁੰਦੀ ਹੈ। ਨੌਜਵਾਨ ਨਰ ਜਿਰਾਫ ਦੀ ਉਚਾਈ 10-11 ਫੁੱਟ ਹੁੰਦੀ ਹੈ, ਇਸ ਦੀਆਂ ਅਗਲੀਆਂ ਦੋ ਟੰਗਾਂ ਪਿਛਲੀਆਂ ਦੋ ਟੰਗਾਂ ਦੀ ਬਜਾਏ ਜ਼ਿਆਦਾ ਲੰਮੀਆਂ ਹੁੰਦੀਆਂ ਹਨ। ਇਹੀ ਕਾਰਣ ਹੈ ਕਿ ਇਸਦਾ ਕੱਦ ਕਾਫੀ ਉਚੱਾ ਹੁੰਦਾ ਹੈ। ਇਸਦਾ ਵਜਨ 40 ਮਣ ਤੋਂ 60 ਮਣ ਤਕ ਹੁੰਦਾ ਹੈ। ਜਿਰਾਫ ਦਾ ਜਬੜਾ ਕੁਦਰਤ ਨੇ ਵਿਸ਼ੇਸ਼ ਰੂਪ ਵਿੱਚ ਕਾਫੀ ਅਲੱਗ ਤਰੀਕੇ ਨਾਲ ਬਣਾਇਆ ਹੈ। ਇਸਦੇ ਬੁਲ੍ਹ ਲੰਮੇ-ਲੰਮੇ ਹੁੰਦੇ ਹਨ ਅਤੇ ਇਹਨਾਂ ਬੁਲ੍ਹਾਂ ਤੇ ਘਣੇ ਵਾਲ ਉਗੇ ਹੁੰਦੇ ਹਨ, ਜੋ ਬਬੂਲ ਦੇ ਕੰਡਿਆਂ ਤੋਂ ਰੱਖਿਆ ਕਰਦੇ ਹਨ। ਜਿਰਾਫ ਦਾ ਸਭ ਤੋਂ ਪਿਆਰਾ ਭੋਜਨ ਬਬੂਲ ਹੈ। ਹੇਠਲੇ ਬੁਲ੍ਹ ਦੀ ਬਜਾਏ ਉਪਰੀ ਬੁਲ੍ਹ ਅਗੇ ਵੱਲ ਵਧੇ ਹੁੰਦੇ ਹਨ। ਜੀਭ ਖੁਰਦਰੀ ਅਤੇ ਡੇਢ ਫੁਟ ਲੰਮੀ ਹੁੰਦੀ ਹੈ। ਉਸਦੀ ਸਹਾਇਤਾ ਨਾਲ ਜਿਰਾਫ ਝਾੜੀਆਂ ਦੀਆਂ ਪਤਲੀਆਂ-ਪਤਲੀਆਂ ਟਹਿਣੀਆਂ ਅਤੇ ਪੱਤੇ ਨੋਚ ਕੇ ਖਾਂਦੇ ਹਨ। ਜਿਰਾਫ ਦੇ ਸਿਰ ਤੇ ਦੋ ਛੋਟੇ-ਛੋਟੇ ਸਿੰਗ ਹੁੰਦੇ ਹਨ, ਜੋ ਉਸਦੇ ਸਿਰ ਦੇ ਵਿੱਚ ਉਭਾਰ ਦੇ ਰੂਪ ਵਿੱਚ ਹੁੰਦੇ ਹਨ। ਕੁਝ ਜਿਰਾਫਾਂ ਵਿੱਚ ਦੋ ਹੋਰ ਸਿੰਗ ਵੀ ਹੁੰਦੇ ਹਨ।

ਜਿਰਾਫ ਦਾ ਖੁਰ ਇਕ ਫੁੱਟ ਲੰਮਾ ਹੁੰਦਾ ਹੈ ਅਤੇ ਉਸਦੇ ਵਿੱਚ ਦਰਾਰ ਹੁੰਦੀ ਹੈ ਜਿਸਦੇ ਕਾਰਣ ਉਹ ਸਖਤ ਭੂਮੀ ਤੇ ਚਲ-ਫਿਰ ਸਕਦਾ ਹੈ। ਜਿਰਾਫ ਲੰਮੀਆਂ ਟੰਗਾਂ ਦੇ ਕਾਰਣ ਦਲਦਲੀ ਮੈਦਾਨਾਂ ਜਾਂ ਨਰਮ ਧਰਤੀ ਤੇ ਨਹੀਂ ਚਲ ਸਕਦਾ। ਉਹ ਮਾਮੂਲੀ ਦਲਦਲਾਂ ਜਾਂ ਨਦੀਆਂ ਨੂੰ ਵੀ ਪਾਰ ਨਹੀਂ ਕਰ ਸਕਦਾ, ਅਤੇ ਡਿਗ ਪੈਂਦਾ ਹੈ, ਪ੍ਰੰਤੂ ਸਖਤ ਖੁਰਾਂ ਵਾਲੀਆਂ ਇਹ ਟੰਗਾਂ ਉਸਦਾ ਹਥਿਆਰ ਹਨ। ਇਸਦੀ ਚਾਲ ਪ੍ਰਤੀ ਘੰਟਾ 30 ਮੀਲ ਤਕ ਹੁੰਦੀ ਹੈ। ਜਿਰਾਫ ਦਾ ਮੂਲ ਨਿਵਾਸ ਸਥਾਨ ਕਿਥੇ ਹੈ? ਇਸ ਸਬੰਧ ਵਿੱਚ ਜੀਵ-ਵਿਗਿਆਨਕਾਂ ਨੇ ਕਾਫੀ ਖੋਜ ਦੇ ਬਾਦ ਲੱਭਿਆ ਹੈ ਕਿ ਜਿਰਾਫ ਦੇ ਵਡੇਰਿਆਂ ਦਾ ਮੂਲ ਸਥਾਨ ਯੂਰਪ ਜਾਂ ਏਸ਼ੀਆ ਸੀ। ਪ੍ਰੰਤੂ ਭੂਮੰਡਲ ਤੇ ਹੋਈ ਕੁਦਰਤੀ ਉਥਲ-ਪੁਥਲ ਦੇ ਕਾਰਣ ਇਹ ਅਫਰੀਕਾ ਵਿੱਚ ਹੀ ਸੀਮਤ ਹੋ ਕੇ ਰਹਿ ਗਿਆ। ਜੀਵ-ਵਿਗਿਆਨਕਾਂ ਦਾ ਮੰਨਣਾ ਹੈ ਕਿ ਜਿਰਾਫ ਨੂੰ ਹੋਂਦ ਵਿੱਚ ਆਇਆਂ ਮਾਤਰ ਡੇਢ ਕਰੋੜ ਸਾਲ ਹੋਏ ਹਨ।

ਆਦਿਮ ਯੁਗ ਵਿੱਚ ਜਿਰਾਫ ਦਾ ਧੜੱਲੇ ਨਾਲ ਸ਼ਿਕਾਰ ਹੁੰਦਾ ਸੀ। ਇਸਦੀ ਖੱਲ ਬਿਸਤਰ ਅਤੇ



ਵਸਤਰ ਦੇ ਰੂਪ ਵਿੱਚ ਇਸਤੇਮਾਲ ਕੀਤੀ ਜਾਂਦੀ ਸੀ। ਜਿਰਾਫ ਦੀ ਖੱਲ ਮੋਟਾਈ ਵਿੱਚ ਇਕ ਇੰਚ ਤੋਂ ਜ਼ਿਆਦਾ ਹੁੰਦੀ ਹੈ ਅਤੇ ਕਾਫੀ ਮਜ਼ਬੂਤ ਹੁੰਦੀ ਹੈ। ਪ੍ਰਾਚੀਨ ਕਾਲ ਵਿੱਚ ਲੋਕ ਉਸਦੀ ਖੱਲ ਨਾਲ ਘੋੜਿਆਂ ਦੀਆਂ ਵਾਗਾਂ , ਅਤੇ ਯੁੱਧ ਵਿੱਚ ਉਪਯੋਗ ਹੋਣ ਵਾਲੀ ਢਾਲ ਆਦਿ ਬਹੁਤ ਸਾਰੀਆਂ ਵਸਤੂਆਂ ਬਣਾਉਂਦੇ ਸਨ ਅਤੇ ਉਸ ਦੀਆਂ ਵੱਡੀਆਂ-ਵੱਡੀਆਂ ਹੱਡੀਆਂ ਨਾਲ ਬਰਤਨ ਬਣਾਏ ਜਾਂਦੇ ਸਨ। ਨਸਾਂ ਨੂੰ ਰੱਸੀ ਦੇ ਕੰਮ ਵਿੱਚ ਲਿਆਂਦਾ ਜਾਂਦਾ ਸੀ ਅਤੇ ਧਨੁਸ਼ਾਂ ਤੇ ਉਹਨਾਂ ਦੀ ਵੱਟੀ ਹੋਈ ਡੋਰ ਚੜਾਈ ਜਾਂਦੀ ਸੀ। ਉਸਦੀ ਬਰੀਕ ਰਗ (ਨਸ) ਫਾਈਬਰ ਯੰਤਰ ਤੇ ਲਗਾਈ ਜਾਂਦੀ ਸੀ ਅਤੇ ਖੂਬ ਵੱਜਦੀ ਸੀ।

ਇਕ ਸਮਾਂ ਸੀ ਜਦ ਅਫਰੀਕਾ ਦੇ ਘਾਹ ਅਤੇ ਝਾੜੀਆਂ ਵਾਲੇ ਪ੍ਰਦੇਸ਼ਾਂ ਵਿੱਚ ਜਿਰਾਫਾਂ ਦਾ ਸਾਮਰਾਜ ਸੀ, ਪ੍ਰੰਤੂ ਹੁਣ ਇਹਨਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਇਹੀ ਕਾਰਣ ਹੈ ਕਿ ਉਥੋਂ ਦੀ ਸਰਕਾਰ ਨੇ ਇਸਦੇ ਸ਼ਿਕਾਰ ਤੇ ਪ੍ਰਤੀਬੰਧ ਲਗਾ ਦਿਤਾ ਹੈ।

ਜਿਰਾਫ ਆਮ ਤੌਰ ਤੇ ਅਜਿਹੇ ਮੈਦਾਨੀ ਹਿੱਸਿਆਂ ਵਿੱਚ ਮਿਲਦੇ ਹਨ ਜਿਥੇ ਉਹ ਆਰਾਮ ਨਾਲ ਬਬੂਲ ਦੀਆਂ ਪੱਤੀਆਂ ਅਤੇ ਝਾੜੀਆਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਅਜਿਹੇ ਸਥਾਨ ਜਿਥੇ ਮੀਲਾਂ ਤਕ ਬਬੂਲ ਦੀਆਂ ਕੰਡੇਦਾਰ ਝਾੜੀਆਂ ਉਗੀਆਂ ਹੋਣ, ਉਹਨਾਂ ਨੂੰ ਕਾਫੀ ਆਕਰਸ਼ਿਤ ਕਰਦੇ ਹਨ। ਜਿਰਾਫ ਨਮੀਯੁਕਤ ਮੈਦਾਨ ਅਤੇ ਨਦੀਆਂ ਤੋਂ ਕਾਫੀ ਦੂਰ ਰਹਿੰਦਾ ਹੈ ਕਿਉਂਕਿ ਉਹ ਛੋਟੀ ਤੋਂ ਛੋਟੀ ਨਦੀ ਨੂੰ ਵੀ ਪਾਰ ਨਹੀਂ ਕਰ ਸਕਦੇ।

ਜਿਰਾਫ ਸ਼ਾਕਾਹਾਰੀ ਜੀਵ ਹੈ ਅਤੇ ਗਾਂਵਾਂ-ਮੱਝਾਂ ਦੀ ਤਰ੍ਹਾਂ ਇਕੋ ਵਾਰ ਢੇਰ ਸਾਰਾ ਚਾਰਾ ਖਾ ਕੇ ਜੁ ਗਾ ਾਲੀ ਕਰਕੇ ਉਹਨੂੰ ਪਚਾਉਂਦਾ ਹੈ। ਜਿਰਾਫ ਦਾ ਭੋਜਨ ਕਰਨ ਦਾ ਸਮਾਂ ਸਵੇਰੇ-ਸਵੇਰੇ ਜਾਂ ਸੂਰਜ ਡੁਬਣ ਤੋਂ ਬਾਅਦ ਕੁਝ ਸਮੇਂ ਤਕ ਹੈ। ਉਹ ਸਾਰਾ ਦਿਨ ਛਾਂ ਵਿੱਚ ਆਰਾਮ ਕਰਦਾ ਹੈ। ਉਹ ਅਕਸਰ ਖੜੇ-ਖੜੇ ਹੀ ਆਪਣੀ ਨੀਂਦ ਪੂਰੀ ਕਰ ਲੈਂਦਾ ਹੈ। ਅਗਰ ਉਹ ਬੈਠ ਜਾਏ ਤਾਂ ਆਸਾਨੀ ਨਾਲ ਉਠੱ ਨਹੀਂ ਸਕਦਾ। ਇਹੀ ਸਮਾਂ ਹੈ ਜਦ ਸ਼ੇਰ ਇਸ ਤੇ ਹਮਲਾ ਕਰਦਾ ਹੈ। ਅਗਰ ਸੁਰੱਖਿਆ ਦੀ ਗਰੰਟੀ ਹੋਵੇ ਤਾਂ ਉਹ ਲੇਟ ਕੇ ਵੀ ਸੌਂ ਸਕਦਾ ਹੈ। ਤਦ ਉਹ ਆਪਣੀ ਗਰਦਨ ਮੋੜ ਕੇ ਪਿਛਲੀਆਂ ਟੰਗਾਂ ਤੇ ਰੱਖ ਲੈਂਦਾ ਹੈ।

ਜਿਰਾਫ ਕਦੇ ਇੱਕਲਾ ਨਹੀਂ ਨਿਕਲਦਾ। ਉਹ ਆਪਣੀ ਟੋਲੀ ਦੇ ਨਾਲ ਹੀ ਰਹਿੰਦਾ ਹੈ। ਬੁੱਢੇ ਜਿਰਾਫ ਜਵਾਨ ਜਿਰਾਫਾਂ ਦੇ ਨਾਲ ਨਹੀਂ ਜਾ ਕੇ ਸੰਘਣੀਆਂ ਝਾੜੀਆਂ ਵਿੱਚ ਇੱਕਲੇ ਅਰਾਮ ਕਰਦੇ ਹਨ।

ਮਾਦਾ ਜਿਰਾਫ ਗਰਭ ਠਹਿਰਨ ਦੇ 395 ਤੋਂ ਲੈ ਕੇ 425 ਦਿਨ ਬਾਦ ਬੱਚੇ ਨੂੰ ਜਨਮ ਦਿੰਦੀ ਹੈ। ਜ਼ਿਆਦਾਤਰ ਮਾਦਾ ਜਿਰਾਫ ਇਕ ਬੱਚੇ ਨੂੰ ਜਨਮ ਦਿੰਦੀ ਹੈ। ਕਦੇ-ਕਦੇ ਉਹ ਜੁੜਵਾਂ ਬੱਚਿਆਂ ਨੂੰ ਵੀ ਜਨਮ ਦਿੰਦੀ ਹੈ। ਨਵਜਾਤ ਬੱਚੇ ਦਾ ਵਜਨ 110 ਤੋਂ 140 ਪੌਂਡ ਤਕ ਹੁੰਦਾ ਹੈ। ਕੱਦ ਅਕਸਰ ਪੰਜ ਫੁੱਟ ਤੋਂ ਸਾਢੇ ਛੇ ਫੁਟ ਤਕ ਹੁੰਦਾ ਹੈ। ਇਕ ਸਾਲ ਦੇ ਅੰਦਰ ਬੱਚੇ ਦਸ ਫੁੱਟ ਦੇ ਹੋ ਜਾਂਦੇ ਹਨ। ਬੱਚਿਆਂ ਦੇ ਜਨਮ ਲੈਣ ਦੇ ਬਾਅਦ ਮਾਦਾ ਜਿਰਾਫ ਆਪਣੇ ਬੱਚਿਆਂ ਨੂੰ ਦੁੱਧ ਪਿਲਾਉਂਦੀ ਹੈ ਅਤੇ ਬੱਚੇ ਦੋ ਘੰਟਿਆਂ ਦੇ ਅੰਦਰ ਆਪਣੇ ਮਾਤਾ-ਪਿਤਾ ਦੇ ਪਿੱਛੇ ਚੱਲਣ ਲੱਗਦੇ ਹਨ। ਨੌ ਮਹੀਨੇ ਤਕ ਬੱਚੇ ਮਾਂ ਦੇ ਦੁੱਧ ਤੇ ਨਿਰਭਰ ਰਹਿੰਦੇ ਹਨ। ਬੱਚਾ ਜਦ ਤਕ ਬਾਲਗ ਨਹੀਂ ਹੋ ਜਾਂਦਾ ਤਦ ਤਕ ਮਾਤਾ-ਪਿਤਾ ਉਸਦੀ ਦੇਖਭਾਲ ਕਰਦੇ ਹਨ।





ਕਹਾਣੀ : ਕਿਸ਼ੋਰ ਡੈਨੀਅਲ

# ਪੱਪੂ ਦੀ ਸਮਝਦਾਰੀ

ਰਾਤ ਕਾਫੀ ਲੰਘ ਚੁੱਕੀ ਸੀ ਪਰ ਪੱਪੂ ਦੇ ਮੰਮੀ-ਡੈਡੀ ਅਜੇ ਤਕ ਵਾਪਸ ਨਹੀਂ ਆਏ ਸਨ। ਉਹ ਆਪਣੇ ਵੱਡੇ ਬੇਟੇ ਨੂੰ ਲੈਣ ਗਏ ਹੋਏ ਸਨ ਜੋ ਵਿਦੇਸ਼ ਤੋਂ ਪਹਿਲੀ ਵਾਰ ਆ ਰਿਹਾ ਸੀ।

ਪੱਪੂ ਆਪਣੇ ਕਮਰੇ ਵਿੱਚ ਬੈਠਾ ਸੀ। ਬਾਰਾਂ ਵੱਜਣ ਵਾਲੇ ਸਨ। ਮੰਮੀ-ਡੈਡੀ ਅਤੇ ਭਰਾ ਅਜੇ ਤਕ ਨਹੀਂ ਆਏ ਸਨ। ਤਦੇ ਉਹਨੂੰ ਖਟ-ਖਟ ਦੀ ਆਵਾਜ਼ ਸੁਣਾਈ ਦਿੱਤੀ। ਉਹ ਸੋਚਣ ਲੱਗਾ ਕਿ ਉਹ ਲੋਕ ਆ ਗਏ ਹਨ ਪ੍ਰੰਤੂ ਇਹ ਕੇਵਲ ਉਸ ਦਾ ਵਹਿਮ ਸੀ।

ਥੋੜਾ ਸਮਾਂ ਹੀ ਲੰਘਿਆ ਸੀ ਕਿ ਉਹੀ ਖਟ-ਖਟ ਦੀ ਆਵਾਜ਼ ਫਿਰ ਆਈ। ਪੱਪੂ ਆਵਾਜ਼ ਨੂੰ ਧਿਆਨ ਨਾਲ ਸੁਣਨ ਲੱਗਾ। ਉਸਨੂੰ ਲੱਗਿਆ-ਕੋਈ ਦੀਵਾਰ ਤੋੜ ਰਿਹਾ ਹੈ। ਉਸ ਨੇ ਚਿਲਾਉਣਾ ਚਾਹਿਆ, ਪਰ ਉਹ ਕੁਝ ਸੋਚ ਕੇ ਚੁੱਪ ਰਿਹਾ। ਥੋੜੀ ਦੇਰ ਬਾਅਦ ਰੋਸ਼ਨਦਾਨ ਦੀ ਇੱਕ ਇੱਟ ਆਪਣੇ ਥਾਂ ਤੋਂ ਨਿਕਲ ਗਈ, ਉਸਦੇ ਬਾਦ ਦੂਸਰੀ ਫਿਰ ਤੀਸਰੀ।

ਪੱਪੂ ਹੁਣ ਸਮਝ ਗਿਆ ਕਿ ਇੱਟ ਕੱਢਣ ਵਾਲਾ ਕੋਈ ਚੋਰ ਹੈ ਅਤੇ ਉਸਦਾ ਅੰਦਾਜ਼ਾ ਉਸ ਸਮੇਂ ਠੀਕ ਹੀ ਨਿਕਲਿਆ ਜਦ ਚੋਰ ਨੇ ਆਪਣੀ ਇਕ ਲੱਤ ਉਸ ਮੋਰੀ ਵਿੱਚ ਪਾਈ। ਇਹ ਵੇਖ ਕੇ ਪੱਪੂ ਘਬਰਾਇਆ ਨਹੀਂ ਬਲਕਿ ਉਸਨੇ ਹਿੰਮਤ ਤੋਂ ਕੰਮ ਲਿਆ।

ਉਸ ਨੇ ਮੇਜ ਤੇ ਰੱਖੇ ਜੰਬੂਰ ਨੂੰ ਚੁੱਕਿਆ ਅਤੇ ਹੌਲੀ ਜਿਹੀ ਦੀਵਾਰ ਦੇ ਨੇੜੇ ਪਹੁੰਚ ਕੇ ਜੰਬੂਰ ਨਾਲ ਚੋਰ ਦੇ ਪੈਰ ਨੂੰ ਫੜ ਲਿਆ। ਚੋਰ ਨੇ ਆਪਣੇ ਆਪ ਨੂੰ ਛੁਡਾਉਣ ਦਾ ਪੂਰਾ ਯਤਨ ਕੀਤਾ ਪ੍ਰੰਤੂ ਪੱਪੂ ਨੇ ਆਪਣੀ ਪੂਰੀ ਸ਼ਕਤੀ ਨਾਲ ਜੰਬੂਰ ਨੂੰ ਦਬਾ ਦਿਤਾ ਸੀ। ਹੁਣ ਪੱਪੂ ਨੇ ਜ਼ੋਰ-ਜ਼ੋਰ ਨਾਲ ਚਿਲਾਉਣਾ ਵੀ ਸ਼ੁਰੂ ਕਰ ਦਿਤਾ। ਚੋਰ! ਚੋਰ! ਚੋਰ!! ਉਸਦੀ ਆਵਾਜ਼ ਨੂੰ ਸੁਣ ਕੇ ਆਂਢ-ਗੁਆਂਢ ਦੇ ਲੋਕ ਇੱਕਠੇ ਹੋ ਗਏ ਅਤੇ ਚੋਰ ਨੂੰ ਫੜ ਲਿਆ ਗਿਆ।

ਉਧੱਰ ਪੱਪੂ ਦੇ ਮੰਮੀ-ਡੈਡੀ ਅਤੇ ਭਰਾ ਵੀ ਆ ਗਏ ਸਨ।

ਪੱਪੂ ਦੇ ਮੰਮੀ-ਡੈਡੀ ਪੱਪੂ ਦੀ ਹੁਸ਼ਿਆਰੀ ਵੇਖ ਕੇ ਖੁਸ਼ੀ ਨਾਲ ਫੁੱਲੇ ਨਹੀਂ ਸਮਾ ਰਹੇ ਸਨ।

ਉਹਨਾਂ ਨੇ ਪੁਲਿਸ ਬੁਲਾ ਕੇ ਚੋਰ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਜਿਸਦੀ ਪੁਲਿਸ ਨੂੰ ਕਈ ਦਿਨਾਂ ਤੋਂ ਭਾਲ ਸੀ। ਉਹ ਪਹਿਲਾਂ ਵੀ ਕਈ ਚੋਰੀਆਂ ਕਰ ਚੁੱਕਾ ਸੀ ਪਰ ਪੁਲਿਸ ਉਹਨੂੰ ਫੜ ਨਹੀਂ ਸਕੀ ਸੀ। ਚੋਰ ਨੂੰ ਫੜਵਾਉਣ ਤੇ ਪੁਲਿਸ ਕਮਿਸ਼ਨਰ ਨੇ ਪੱਪੂ ਨੂੰ ਸਨਮਾਨਿਤ ਕੀਤਾ।

❑ ਮਦਨ ਦੇਵੜਾ

# ਆਓ! ਸਭ ਰੁੱਖ ਲਗਾਈਏ



ਸ਼ੇਰ ਸਿੰਘ ਨੇ ਜੰਗਲ ਵਿੱਚ,
ਸੰਮੇਲਨ ਇਕ ਕਰਵਾਇਆ।
ਜਿਸ ਵਿੱਚ ਸ਼ਾਮਿਲ ਹੋਣ ਲਈ,
ਸਭ ਜੀਵਾਂ ਨੂੰ ਬੁਲਵਾਇਆ।

ਸ਼ੇਰ ਸਿੰਘ ਨੇ ਕਿਹਾ- ਮਾਨਵ ਨੇ,
ਆਤੰਕ ਹੈ ਖੂਬ ਮਚਾਇਆ।
ਕੱਟ-ਕੱਟ ਕੇ ਸਾਰੇ ਜੰਗਲ,
ਹੈ ਮੈਦਾਨ ਬਣਾਇਆ।

ਵੱਡੀ ਸਮੱਸਿਆ ਹੈ ਹੁਣ ਸੋਚੋ,
ਜੀਵਨ ਕਿਥੇ ਕੱਟਣਾ?
ਇਸ ਵਿਸ਼ੇ ਵਿੱਚ ਸਭ ਨੇ ਹੈ,
ਆਪਣਾ ਵਿਚਾਰ ਰੱਖਣਾ।

ਇਕਦਮ ਸਾਰੇ ਮਿਲ ਕੇ ਬੋਲੇ,
ਅਸੀਂ ਸਭ ਰੁੱਖ ਲਗਾਈਏ।
ਇਸ ਸਮੱਸਿਆ ਨੂੰ ਮਿਲਜੁਲ ਕੇ,
ਇੰਝ ਹੀ ਦੂਰ ਭਜਾਈਏ।

ਸ਼ੇਰ ਸਿੰਘ ਖੁਸ਼ ਹੋ ਕੇ ਬੋਲੇ,
ਆਓ! ਸਭ ਰੁੱਖ ਲਗਾਈਏ।
ਆਪਣੇ ਰਹਿਣ ਲਈ ਸੋਹਣਾ ਜੰਗਲ,
ਆਪੇ ਅਸੀਂ ਬਣਾਈਏ।


ਰੋਚਕ ਜਾਣਕਾਰੀ

# ਸਮੁੰਦਰੀ ਘੋੜਾ

ਸਮੁੰਦਰੀ ਘੋੜਾ ਇਕ ਵਿਲੱਖਣ ਸਮੁੰਦਰੀ ਮੱਛਲੀ ਹੈ। ਇਸਦਾ ਮੂੰਹ ਘੋੜੇ ਵਰਗਾ ਲੱਗਦਾ ਹੈ, ਇਸ ਲਈ ਇਸ ਨੂੰ ਸਮੁੰਦਰੀ ਘੋੜਾ ਕਹਿੰਦੇ ਹਨ। ਇਹ ਵਿਸ਼ਵ ਦਾ ਇਕ ਮਾਤਰ ਅਜਿਹਾ ਜੀਵ ਹੈ ਜਿਸ ਵਿੱਚ ਮਾਦਾ ਦੇ ਸਥਾਨ ਤੇ ਨਰ ਨੂੰ ਪ੍ਰਸਵਪੀੜਾ ਭੁਗਤਣੀ ਪੈਂਦੀ ਹੈ। ਸਮੁੰਦਰੀ ਘੋੜੇ ਦੀ ਪੂਛ ਸਹਿਤ ਲੰਬਾਈ 6 ਸੈਂਟੀਮੀਟਰ ਤੋਂ ਲੈ ਕੇ 30 ਸੈਂਟੀਮੀਟਰ ਤਕ ਅਤੇ ਵਜਨ 5 ਗ੍ਰਾਮ ਤੋਂ ਲੈ ਕੇ 50 ਗ੍ਰਾਮ ਤਕ ਹੁੰਦਾ ਹੈ। ਸਮੁੰਦਰੀ ਘੋੜੇ ਦੇ ਸਰੀਰ ਵਿੱਚ ਰੰਗਾਂ ਦੀ ਵਿਭਿੰਨਤਾ ਹੁੰਦੀ ਹੈ।

ਇਸ ਵਿੱਚ ਨਰ ਦੀ ਸਰੀਰਕ ਰਚਨਾ ਬੜੀ ਅਦਭੁਤ ਹੁੰਦੀ ਹੈ। ਨਰ ਸਮੁੰਦਰੀ ਘੋੜੇ ਦੇ ਪੇਟ ਦੇ ਕੋਲ ਕੰਗਾਰੂ ਦੀ ਤਰ੍ਹਾਂ ਦੀ ਇਕ ਥੈਲੀ ਹੁੰਦੀ ਹੈ। ਨਰ ਸਮੁੰਦਰੀ ਘੋੜਾ ਆਪਣੀ ਭਰੂਣਦਾਨੀ ਵਿਚ ਮਾਦਾ ਤੋਂ ਅੰਡੇ ਗ੍ਰਹਿਣ ਕਰਨ ਦੇ ਬਾਦ ਉਸ ਤੋਂ ਅਲਗ ਹੋ ਜਾਂਦਾ ਹੈ ਅਤੇ ਅੰਡੇ ਸੇਤਾ ਹੈ। ਆਂਡਿਆਂ ਦਾ ਵਿਕਾਸ ਅਤੇ ਬੱਚਿਆਂ ਦਾ ਜਨਮ ਭਰੂਣਦਾਨੀ ਵਿੱਚ ਹੀ ਹੁੰਦਾ ਹੈ। ਇਸ ਕਾਰਜ ਵਿੱਚ ਚਾਰ ਹਫ਼ਤਿਆਂ ਤੋਂ ਲੈ ਕੇ ਛੇ ਹਫ਼ਤਿਆਂ ਤਕ ਦਾ ਸਮਾਂ ਲੱਗਦਾ ਹੈ। ਨਰ ਸਮੁੰਦਰੀ ਘੋੜੇ ਦੀ ਭਰੂਣਦਾਨੀ ਵਿੱਚ ਪਲ ਰਹੇ ਆਂਡੇ ਜਦ ਪਰਿਪੱਕ ਹੋ ਜਾਂਦੇ ਹਨ ਤਾਂ ਉਹਨੂੰ ਤੀਵਰ ਪ੍ਰਸਵਪੀੜਾ ਹੁੰਦੀ ਹੈ। ਪ੍ਰਸਵਕਾਲ ਵਿੱਚ ਨਰ ਸਮੁੰਦਰੀ ਘੋੜਾ ਪੀੜ ਨਾਲ ਤੜਫਦਾ ਹੈ ਅਤੇ ਕਿਸੇ ਸਮੁੰਦਰੀ ਪੌਦੇ ਜਾਂ ਚੱਟਾਨ ਨਾਲ ਆਪਣੀ ਪੂਛ ਲਪੇਟ ਕੇ ਜ਼ੋਰ ਲਗਾਉਂਦਾ ਹੈ। ਕਾਫੀ ਯਤਨ ਦੇ ਬਾਅਦ ਇਸਦੀ ਛੋਟੀ ਜਿਹੀ ਭਰੂਣਦਾਨੀ ਦਾ ਮੂੰਹ ਖੁੱਲ ਜਾਂਦਾ ਹੈ ਅਤੇ ਇਕ-ਇਕ ਕਰਕੇ ਨਵਜਾਤ ਬੱਚੇ ਬਾਹਰ ਨਿਕਲਣ ਲੱਗਦੇ ਹਨ।

ਸਮੁੰਦਰੀ ਘੋੜੇ ਦੇ ਬੱਚਿਆਂ ਦੀ ਜਨਮ ਸਮੇਂ ਲੰਬਾਈ ਇਕ ਸੈਂਟੀਮੀਟਰ ਤੋਂ ਵੀ ਘੱਟ ਹੁੰਦੀ ਹੈ। ਇਹਨਾਂ ਦਾ ਸਰੀਰ ਪਾਰਦਰਸ਼ੀ ਹੁੰਦਾ ਹੈ, ਜਿਸ ਨਾਲ ਇਹਨਾਂ ਦੇ ਅੰਦਰ ਦੇ ਅੰਗ ਸਾਫ਼ ਦਿਖਾਈ ਦਿੰਦੇ ਹਨ। ਇਹ ਜਨਮ ਲੈਂਦੇ ਹੀ ਤੈਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਸਭ ਤੋਂ ਪਹਿਲਾਂ ਤੈਰਨ ਵਿੱਚ ਸਹਿਯੋਗ ਕਰਨ ਵਾਲੇ




ਆਪਣੇ ਅੰਗਾਂ ਵਿੱਚ ਹਵਾ ਭਰਨ ਲਈ ਪਾਣੀ ਦੀ ਸਤ੍ਹਾ ਤੇ ਆਉਂਦੇ ਹਨ। ਸਮੁੰਦਰੀ ਘੋੜੇ ਦੇ ਨਵਜਾਤ ਬੱਚਿਆਂ ਦਾ ਭੋਜਨ ਬਹੁਤ ਹੀ ਛੋਟੇ-ਛੋਟੇ ਸਮੁੰਦਰੀ ਜੀਵ ਹਨ। ਸਮੁੰਦਰੀ ਘੋੜੇ ਦੇ ਬੱਚਿਆਂ ਦਾ ਵਿਕਾਸ ਬੜੀ ਤੇਜ਼ੀ ਨਾਲ ਹੁੰਦਾ ਹੈ ਅਤੇ ਦੋ ਮਹੀਨੇ ਵਿੱਚ ਇਹ ਪੰਜ ਸੈਂਟੀਮੀਟਰ ਲੰਮੇ ਹੋ ਜਾਂਦੇ ਹਨ। ਇਸੇ ਵਿਕਾਸ ਦੌਰਾਨ ਇਹਨਾਂ ਦੇ ਸਰੀਰ ਉਤੇ ਹੱਡੀਆਂ ਦਾ ਇਕ ਪਰਤਦਾਰ ਕਵੱਚ ਤਿਆਰ ਹੋ ਜਾਂਦਾ ਹੈ, ਜਿਸ ਨਾਲ ਅੰਦਰ ਦੇ ਅੰਗ ਦਿਸਣੇ ਬੰਦ ਹੋ ਜਾਂਦੇ ਹਨ।

ਸਮੁੰਦਰੀ ਘੋੜੇ ਦਾ ਪ੍ਰਮੁੱਖ ਭੋਜਨ ਵਿਭਿੰਨ ਪ੍ਰਕਾਰ ਦੀਆਂ ਛੋਟੀਆਂ-ਛੋਟੀਆਂ ਮੱਛੀਆਂ ਅਤੇ ਸਮੁੰਦਰੀ ਜੀਵ ਹਨ। ਸਮੁੰਦਰੀ ਘੋੜੇ ਦਾ ਜੀਵਨਕਾਲ ਕਿੰਨਾ ਹੁੰਦਾ ਹੈ? ਇਸ ਸੰਬੰਧ ਵਿੱਚ ਨਿਸ਼ਚਿਤ ਰੂਪ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਸਮੁੰਦਰੀ ਘੋੜੇ ਦਾ ਵਿਸ਼ਵ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਕਾਫੀ ਸ਼ਿਕਾਰ ਕੀਤਾ ਜਾਂਦਾ ਹੈ। ਏਸ਼ੀਆ ਦੇ ਕੁਝ ਦੇਸ਼ਾਂ ਵਿੱਚ ਵਿਸ਼ੇਸ਼ ਰੂਪ ਨਾਲ ਚੀਨ ਅਤੇ ਸਿੰਗਾਪੁਰ ਵਿੱਚ ਇਹਨਾਂ ਦੀ ਭਾਰੀ ਮੰਗ ਹੈ। ਇਥੇ ਇਹਨਾਂ ਤੋਂ ਅਨੇਕ ਪ੍ਰਕਾਰ ਦੇ ਭੋਜਨ ਅਤੇ ਸ਼ਕਤੀ ਵਧਾਊ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਚੀਨ ਵਿੱਚ ਤਾਂ ਸਮੁੰਦਰੀ ਘੋੜੇ ਦਾ ਚੂਰਨ ਵਿਸ਼ੇਸ਼ ਰੂਪ ਵਿੱਚ ਕਾਫੀ ਪ੍ਰਸਿੱਧ ਹੈ।

❑ ਅਸ਼ੋਕ ਭਾਰਦਵਾਜ

# ਰੰਗ ਭਰੋ





ਨਾਂ ........................................................................ਉਮਰ..........

ਪੂਰਾ ਪਤਾ....................................................................................

.............................................................................................

.............................................................................................

# ਅਗਸਤ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਨਵਜੋਤ ਸਿੰਘ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ : ਭਗਤਾ ਭਾਈ
ਜਿਲਾ : ਬਠਿੰਡਾ (ਪੰਜਾਬ)

**ਦੂਸਰਾ ਨੰ :**

ਬਿਨਾਲ ਭੱਟੀ (ਉਮਰ 12 ਸਾਲ)
ਅਸ਼ੋਕ ਵਿਹਾਰ ਕਾਲੋਨੀ
ਹਾਊਸ ਨੰ: 203
ਜਿਲਾ : ਕਪੂਰਥਲਾ (ਪੰਜਾਬ)

**ਤੀਸਰਾ ਨੰ :**

ਮਹਿਕਦੀਪ ਸ਼ਰਮਾ (ਉਮਰ 12 ਸਾਲ)
ਮੋਹਨ ਨਗਰ, ਭਵਾਨੀਗੜ੍ਹ,
ਜਿਲਾ ਸੰਗਰੂਰ (ਪੰਜਾਬ)

## ਪਸੰਦ ਕੀਤੇ ਗਏ –

ਹੈਵਨ-ਸੁਮਨ (ਫਗਵਾੜਾ),
ਅਸ਼੍ਰਿਤ ਖੁਰਾਨਾ (ਜਲੰਧਰ),
ਸਿਮਰਨਜੀਤ ਸਿੰਘ (ਭਾਦਲਾ ਨੀਚਾ),
ਸੁਨੀਤਾ (ਨਵਾਂ ਸ਼ਹਿਰ),
ਭੱਵਿਤਾ (ਚਵਿੰਡਾ ਦੇਵੀ),
ਜਸਨੂਰਪ੍ਰੀਤ ਸਿੰਘ (ਜਗਰਾਉਂ)
ਸਰਬਜੀਤ ਕੌਰ (ਜਗਰਾਉਂ),
ਏਕਤਾ (ਹਰੀਕੇ ਪੱਤਣ),
ਸੁਖਪ੍ਰੀਤ ਸਿੰਘ (ਮਾਨਸਾ),
ਸ਼ੁਭਮ (ਪੁਰਹੀਰਾ),
ਵਿਧਿਤ ਬਜਾਜ (ਖੁਸ਼ਹਾਲ ਪੁਰ),
ਯਸ਼ਿਕਾ (ਡੇਰਾ ਬਾਬਾ ਨਾਨਕ),
ਮੋਹਿਤ (ਤਲਵੰਡੀ ਭਾਈ),
ਨਿਤਿਨ ਕੰਡਾ (ਤਲਵੰਡੀ ਭਾਈ),
ਸਿਮਰਨ ਕੌਰ (ਧਰਮਪੁਰਾ)




## ਅਕਤੂਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਕਤੂਬਰ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਨਵੰਬਰ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਪ੍ਰੇਰਕ ਪ੍ਰਸੰਗ : ਅੰਜਨਾ ਨਿਰੰਕਾਰੀ

# ਫੁੱਲ ਅਤੇ ਕੰਡਾ



ਬਾਗ ਦੇ ਰੰਗ-ਬਿਰੰਗੇ ਫੁੱਲਾਂ ਤੋਂ ਮਿੱਠੀ ਸੁਗੰਧ ਆ ਰਹੀ ਸੀ। ਇਸੇ ਵਾਤਾਵਰਣ ਵਿੱਚ ਇਕ ਫੁੱਲ ਅਤੇ ਕੰਡੇ ਦੀ ਆਪਸ ਵਿੱਚ ਗੱਲਬਾਤ ਹੋ ਰਹੀ ਸੀ। ਤਦ ਅਚਾਨਕ ਤੇਜ਼ ਹਵਾ ਦਾ ਇਕ ਝੌਂਕਾ ਆਇਆ ਅਤੇ ਫੁੱਲ ਦੀਆਂ ਕੁਝ ਪੰਖੜੀਆਂ ਟੁੱਟ ਕੇ ਹੇਠਾਂ ਡਿਗ ਗਈਆਂ। ਇਹ ਵੇਖ ਕੇ ਕੰਡਾ ਜੋਰ ਨਾਲ ਹੱਸਣ ਲੱਗਾ।

ਉਸ ਨੇ ਫੁੱਲ ਨੂੰ ਕਿਹਾ - ਵੇਖਿਆ, ਤੂੰ ਕਿੰਨਾ ਕਮਜ਼ੋਰ ਹੈ, ਹਵਾ ਨਾਲ ਹੀ ਝੜ ਜਾਂਦਾ ਹੈ ਪਰ ਮੈਂ ਕਿੰਨਾ ਸ਼ਕਤੀਸ਼ਾਲੀ ਹਾਂ। ਅਗਰ ਚੁਭ ਜਾਵਾਂ ਤਾਂ ਬਲਵਾਨ ਆਦਮੀ ਵੀ ਵਿਆਕੁਲ ਹੋ ਜਾਂਦਾ ਹੈ। ਤੈਨੂੰ ਤਾਂ ਕੋਈ ਮਸਲ ਦੇਵੇ ਤਦ ਵੀ ਤੂੰ ਕੁਝ ਨਹੀਂ ਕਰ ਸਕਦਾ। ਉਸ ਦੀਆਂ ਗੱਲਾਂ ਸੁਣ ਕੇ ਫੁੱਲ ਨੇ ਕੋਈ ਉੱਤਰ ਨਹੀਂ ਦਿੱਤਾ। ਉਹਨੂੰ ਸ਼ਾਂਤ ਵੇਖ ਕੇ ਕੰਡਾ ਠਹਾਕੇ ਲਾ ਕੇ ਹੱਸਣ ਲੱਗਾ।

ਕੁਝ ਸਮੇਂ ਬਾਦ ਉਥੇ ਬਾਗ ਦਾ ਮਾਲਿਕ ਆਇਆ। ਉਹ ਇਕ ਗੁਸੈਲ ਆਦਮੀ ਸੀ। ਉਹ ਟਹਿਲਦੇ ਹੋਏ ਫੁੱਲਾਂ ਦੀ ਕਿਆਰੀ ਕੋਲ ਆਇਆ। ਉਸ ਨੇ ਇਕ ਫੁੱਲ ਤੋੜ ਕੇ ਕੋਟ ਵਿੱਚ ਲਗਾ ਲਿਆ। ਫਿਰ ਉਹ ਪੂਜਾ ਲਈ ਫੁੱਲ ਤੋੜ-ਤੋੜ ਕੇ ਟੋਕਰੀ ਵਿੱਚ ਰੱਖਣ ਲੱਗਾ। ਅਚਾਨਕ ਘੁਮੰਡੀ ਕੰਡੇ ਨੂੰ ਸ਼ਰਾਰਤ ਸੁਝੀ ਅਤੇ ਉਹ ਉਸਦੇ ਹੱਥ ਵਿੱਚ ਚੁਭ ਗਿਆ। ਉਹ ਆਦਮੀ ਦਰਦ ਨਾਲ ਕਰਾਹ ਉਠਿਆ। ਉਸ ਨੂੰ ਕਰੋਧ ਆ ਗਿਆ ਅਤੇ ਉਸ ਨੇ ਤੁਰੰਤ ਮਾਲੀ ਨੂੰ ਕੰਡਿਆਂ ਦੀ ਝਾੜੀ ਉਖਾੜ ਕੇ ਸਾੜਨ ਦਾ ਹੁਕਮ ਦਿੱਤਾ।

ਹੁਣ ਕੰਡਾ ਹੰਝੂ ਵਹਾ ਰਿਹਾ ਸੀ ਅਤੇ ਫੁੱਲ ਮਨ ਹੀ ਮਨ ਮੁਸਕਰਾ ਰਿਹਾ ਸੀ।

ਪਿਆਰੇ ਬੱਚਿਉ! ਇਹ ਸੱਚ ਹੈ ਕਿ ਦੁਸ਼ਟ ਅਤੇ ਘਮੰਡੀ ਆਦਮੀ ਦਾ ਇਹੀ ਅੰਤ ਹੁੰਦਾ ਹੈ। ਸੱਜਣ ਵਿਅਕਤੀ ਬੇਸ਼ਕ ਧਨ ਅਤੇ ਬਲ ਨਾਲ ਕਮਜ਼ੋਰ ਹੋਵੇ ਪਰ ਉਸਦਾ ਹਰ ਥਾਂ ਸਨਮਾਨ ਹੁੰਦਾ ਹੈ। ਇਸ ਲਈ ਕਦੇ ਵੀ ਆਪਣੀ ਸ਼ਕਤੀ ਤੇ ਘੁਮੰਡ ਨਹੀਂ ਕਰਨਾ ਚਾਹੀਦਾ।





ਸਮਾਂ ਗੁਜਰਨ ਦੇ ਨਾਲ ਹਾਥੀ ਵੀ ਬੁੱਢਾ ਹੋ ਗਿਆ। ਇਸ ਕਾਰਨ ਬਾਦਸ਼ਾਹ ਨੇ ਇਹਨੂੰ ਯੁੱਧ ਵਿੱਚ ਲੈ ਕੇ ਜਾਣਾ ਬੰਦ ਕਰ ਦਿਤਾ, ਪ੍ਰੰਤੂ ਉਸਦਾ ਹਾਥੀ ਦੇ ਪ੍ਰਤੀ ਪ੍ਰੇਮ ਬਣਿਆ ਰਿਹਾ।

ਇਕ ਦਿਨ ਉਹ ਤਾਲਾਬ ਵਿੱਚੋਂ ਪਾਣੀ ਪੀ ਰਿਹਾ ਸੀ। ਤਾਲਾਬ ਵਿੱਚ ਪਾਣੀ ਘੱਟ ਸੀ, ਇਸ ਲਈ ਤਾਲਾਬ ਦੇ ਵਿਚਕਾਰ ਪਹੁੰਚ ਗਿਆ ਲੇਕਿਨ ਅਚਾਨਕ ਦਲਦਲ ਵਿੱਚ ਫਸ ਗਿਆ। ਬੁਢਾਪੇ ਦੀ ਅਵਸਥਾ ਦੇ ਕਾਰਨ ਹਾਥੀ ਆਪਣੇ ਸਰੀਰ ਨੂੰ ਦਲਦਲ ਤੋਂ ਬਾਹਰ ਕੱਢਣ ਵਿੱਚ ਅਸਮਰਥ ਸੀ। ਉਹ ਮਦਦ ਲਈ ਜ਼ੋਰ-ਜ਼ੋਰ ਨਾਲ ਚਿੰਘਾੜਣ ਲੱਗਾ। ਉਸਦੀ ਚਿੰਘਾੜ ਸੁਣ ਕੇ ਲੋਕ ਉਸ ਵੱਲ ਦੌੜ ਪਏ, ਪ੍ਰੰਤੂ ਤਾਲਾਬ ਵਿਚੋਂ ਉਹਨੂੰ ਕੱਢਣ ਵਿੱਚ ਉਹ ਵੀ ਲਾਚਾਰ ਸਨ। ਤਦ ਉਹਨਾਂ ਨੇ ਉਸਦੇ ਸਰੀਰ ਵਿੱਚ ਭਾਲੇ ਚੁਭਾਣੇ ਸ਼ੁਰੂ ਕੀਤੇ ਤਾਂਕਿ ਉਸਦੀ ਤਿਖੀ ਚੁਭਣ ਨਾਲ ਉਹ ਆਪਣੀ ਸਮੁੱਚੀ ਤਾਕਤ ਲਗਾ ਕੇ ਬਾਹਰ ਨਿਕਲ ਸਕੇ। ਲੇਕਿਨ ਇਹ ਯਤਨ ਵੀ ਅਸਫਲ ਰਿਹਾ, ਉਹ ਨਿਕਲ ਨਹੀਂ ਸਕਿਆ ...।

ਦਲਦਲ ਵਿੱਚ ਹਾਥੀ ਦੇ ਫਸਣ ਦੀ ਖਬਰ ਬਾਦਸ਼ਾਹ ਤਕ ਪਹੁੰਚੀ, ਤਾਂ ਉਹ ਫੌਰਨ ਆਪਣੇ ਸਭ ਤੋਂ ਬਜ਼ੁਰਗ ਅਤੇ ਅਨੁਭਵੀ ਮਹਾਵਤ ਨੂੰ ਲੈ ਕੇ ਆਏ। ਮਹਾਵਤ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ ਕਿ ਯੁੱਧ ਦੇ ਨਗਾੜੇ ਜ਼ੋਰ-ਜ਼ੋਰ ਨਾਲ ਵਜਵਾਏ ਜਾਣ ਅਤੇ ਸੈਨਿਕਾਂ ਦੀ ਕਤਾਰ ਹਾਥੀ ਦੇ ਸਾਹਮਣੇ ਖੜੀ ਕਰ ਦਿਉ।

ਬਾਦਸ਼ਾਹ ਨੇ ਇੰਝ ਹੀ ਕੀਤਾ। ਨਗਾੜਿਆਂ ਦੀ ਆਵਾਜ਼ ਸੁਣ ਕੇ ਅਤੇ ਸੈਨਿਕਾਂ ਦੀ ਕਤਾਰ ਵੇਖ ਕੇ ਹਾਥੀ ਅੰਦਰ ਊਰਜਾ ਦਾ ਸੰਚਾਰ ਹੋਇਆ ਅਤੇ ਉਹ ਤੁਰੰਤ ਦਲਦਲ ਵਿਚੋਂ ਬਾਹਰ ਨਿਕਲ ਆਇਆ।

ਆਪਣੇ ਬਜ਼ੁਰਗ ਅਨੁਭਵੀ ਮਹਾਵਤ ਦੀ ਤਰਤੀਬ ਕਾਮਯਾਬ ਹੁੰਦੀ ਵੇਖ ਕੇ ਬਾਦਸ਼ਾਹ ਨੇ ਮਹਾਵਤ ਨੂੰ ਪੁਰਸਕਾਰ ਦਿਤਾ ਅਤੇ ਉਸ ਤੋਂ ਪੁੱਛਿਆ – 'ਲੇਕਿਨ ਇਹ ਸੰਭਵ ਕਿਵੇਂ ਹੋਇਆ?''

ਮਹਾਵਤ ਬੋਲਿਆ – 'ਸਰਕਾਰ! ਮਨੋਬਲ ਜਾਗ੍ਰਿਤ ਹੁੰਦਿਆਂ ਹੀ ਸਫਲਤਾ ਮਿਲਣ ਵਿੱਚ ਦੇਰ ਨਹੀਂ ਲੱਗਦੀ।

ਕਹਾਣੀ : ਕਮਲ ਸੋਗਾਨੀ

# ਨਗਾੜਿਆਂ ਦੀ ਆਵਾਜ਼

ਜੂਨਾਗੜ੍ਹ ਦੇ ਬਾਦਸ਼ਾਹ ਦੇ ਕੋਲ ਸਫੈਦ ਹਾਥੀ ਸੀ। ਬਾਦਸ਼ਾਹ ਜਦ ਵੀ ਸ਼ਿਕਾਰ ਤੇ ਜਾਂਦੇ, ਇਸੇ ਤੇ ਬੈਠ ਕੇ ਜਾਂਦੇ ਸਨ। ਇਹ ਹਾਥੀ ਆਪਣੀ ਸੁੰਡ ਨਾਲ ਰਾਹ ਵਿੱਚ ਮਿਲਣ ਵਾਲੇ ਹਿੰਸਕ ਪਸ਼ੂਆਂ ਨੂੰ ਜ਼ਖਮੀ ਕਰ ਦਿੰਦਾ। ਹਾਂ, ਜ਼ਖਮੀ ਵੀ ਤਾਂ ਹੀ ਕਰਦਾ, ਜਦ ਉਹ ਪਸ਼ੂ ਉਸ ਤੇ ਹਮਲਾ ਕਰਦਾ ਨਹੀਂ ਤਾਂ ਉਹ ਆਪਣੀ ਮਸਤ ਅਤੇ ਮਤਵਾਲੀ ਚਾਲ ਵਿੱਚ ਹੀ ਚਲਦਾ ਰਹਿੰਦਾ ਸੀ।

ਇਕ ਵਾਰ ਇੰਝ ਹੀ ਬਾਦਸ਼ਾਹ ਜੰਗਲ ਵਿੱਚ ਸ਼ਿਕਾਰ ਲੱਭ ਰਹੇ ਸਨ, ਤਦ ਘਾਤ ਲਾ ਕੇ ਬੈਠੇ ਤਿੰਨ ਸ਼ੇਰਾਂ ਨੇ ਮਿਲ ਕੇ ਹਾਥੀ ਨੂੰ ਆਸ-ਪਾਸ ਤੋਂ ਘੇਰ ਲਿਆ। ਹਾਥੀ ਤੇ ਬਿਰਾਜਮਾਨ ਬਾਦਸ਼ਾਹ ਸ਼ੇਰਾਂ ਦੇ ਖਤਰਨਾਕ ਇਰਾਦੇ ਵੇਖ ਕੇ ਉਪਰੋਂ ਭਾਲੇ ਚਲਾਉਣ ਲਗਾ। ਲੇਕਿਨ ਇਕ-ਇਕ ਕਰਕੇ ਉਸਦੇ ਹੱਥਾਂ ਵਿਚੋਂ ਦੋਵੇਂ ਭਾਲੇ ਜ਼ਮੀਨ ਤੇ ਡਿੱਗ ਪਏ। ਬਾਦਸ਼ਾਹ ਘਬਰਾ ਗਿਆ ਅਤੇ ਹਾਥੀ ਦੇ ਕੰਨ ਵਿੱਚ ਕਿਹਾ - ਗਜਰਾਜ ਜੀ, ਕੁਝ ਉਪਾਅ ਕਰੋ, ਇਹਨਾਂ ਸ਼ੇਰਾਂ ਨਾਲ ਸੰਘਰਸ਼ ਕਰੋ ...।

ਆਪਣੇ ਸੁਆਮੀ ਦੇ ਮੂੰਹੋਂ ਇਹ ਗੱਲ ਸੁਣਦੇ ਹੀ ਹਾਥੀ ਦਾ ਮਨੋਬਲ ਜਾਗ ਗਿਆ। ਉਸਨੇ ਆਪਣੀ ਸੁੰਡ ਅਤੇ ਲੱਤਾਂ ਨਾਲ ਤਿੰਨਾਂ ਸ਼ੇਰਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿਤਾ ਅਤੇ ਫਿਰ ਅਗੇ ਵਧਣ ਲੱਗਾ। ਹੁਣ ਬਾਦਸ਼ਾਹ ਨੇ ਸ਼ਿਕਾਰ ਕਰਨਾ ਉਚਿਤ ਨਾ ਸਮਝਿਆ ਅਤੇ ਆਪਣੇ ਮਹਿਲ ਵਾਪਸ ਆ ਗਿਆ।

ਦੂਸਰੇ ਦਿਨ ਭਰੇ ਦਰਬਾਰ ਵਿੱਚ ਬਾਦਸ਼ਾਹ ਨੇ ਆਪਣੇ ਹਾਥੀ ਦੀ ਬਹਾਦਰੀ ਦਾ ਕਿੱਸਾ ਸੁਣਾਇਆ ਤਾਂ ਸਾਰੇ ਦੰਦਾਂ ਹੇਠ ਉਂਗਲੀਆਂ ਦਬਾਉਣ ਲੱਗੇ। ਹੁਣ ਬਾਦਸ਼ਾਹ ਨੇ ਇਸ ਹਾਥੀ ਨੂੰ ਇਕ ਨਾਮ ਦਿੱਤਾ - ਯੋਧਾ। ਇਸਦੀ ਦੇਖਭਾਲ ਲਈ ਚਾਰ ਕਰਮਚਾਰੀ ਅਲਗ ਤੋਂ ਤੈਨਾਤ ਕੀਤੇ ਗਏ। ਸਮੇਂ-ਸਮੇਂ ਤੇ ਹਾਥੀ ਨੂੰ ਉਸਦੀ ਪਸੰਦ ਦੀ ਖੁਰਾਕ ਦਿੱਤੀ ਜਾਣ ਲੱਗੀ।

ਬਾਦਸ਼ਾਹ ਨੇ ਇਸੇ ਹਾਥੀ ਤੇ ਸਵਾਰ ਹੋ ਕੇ ਦੋ ਯੁੱਧ ਵੀ ਲੜੇ। ਦੋਹਾਂ ਵਿੱਚ ਹੀ ਉਸਦੀ ਜਿੱਤ ਹੋਈ।



# ਕਦੇ ਨਾ ਭੁੱਲੋ

- ਸਤਿਗੁਰੂ ਲਈ ਵੀ ਗੁਰਸਿਖ ਬਹੁਤ ਹੀ ਪਿਆਰੇ ਅਤੇ ਸਨਮਾਨਯੋਗ ਹੁੰਦੇ ਹਨ ਜਿਵੇਂ ਗੁਰਸਿਖਾਂ ਲਈ ਸਤਿਗੁਰੂ।

  – ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

- ਕਿਤਾਬਾਂ ਪੜ੍ਹਨ ਨਾਲ ਸਾਨੂੰ ਇਕਾਂਤ ਵਿੱਚ ਵਿਚਾਰ ਕਰਨ ਦੀ ਆਦਤ ਅਤੇ ਸੱਚੀ ਖੁਸ਼ੀ ਮਿਲਦੀ ਹੈ।

  – ਡਾ: ਸਰਵਪੱਲੀ ਰਾਧਾਕ੍ਰਿਸ਼ਣਨ

- ਚੰਦਰਮਾ ਆਪਣਾ ਪ੍ਰਕਾਸ਼ ਸਾਰੇ ਆਕਾਸ਼ ਵਿੱਚ ਫੈਲਾਉਂਦਾ ਹੈ ਪ੍ਰੰਤੂ ਕਲੰਕ ਆਪਣੇ ਅੰਦਰ ਰੱਖਦਾ ਹੈ।
- ਚੰਗਾ ਸੋਚੋ, ਚੰਗੇ ਕਰਮ ਕਰੋ, ਚੰਗੇ ਇਨਸਾਨ ਬਣੋ।
- ਮਹਾਂਪੁਰਸ਼ਾਂ ਦੀਆਂ ਸਿਖਿਆਵਾਂ ਨੂੰ ਅਸੀਂ ਜੀਵਨ ਵਿੱਚ ਅਪਨਾਈਏ ਤਾਂ ਸਾਡੇ ਵਿਚਾਰ ਸੁੰਦਰ ਬਣਨਗੇ ਤਦ ਅਸੀਂ ਸੁਖ ਅਤੇ ਖੁਸ਼ੀ ਮਹਿਸੂਸ ਕਰਾਂਗੇ।

  – ਬਾਲਮੀਕੀ

- ਜੋ ਤੁਹਾਨੂੰ ਬੁਰਾਈ ਤੋਂ ਬਚਾਉਂਦਾ ਹੈ, ਨੇਕ ਰਾਹ ਤੇ ਚਲਾਉਂਦਾ ਹੈ ਅਤੇ ਮੁਸੀਬਤ ਦੇ ਸਮੇਂ ਤੁਹਾਡਾ ਸਾਥ ਦਿੰਦਾ ਹੈ, ਉਹੀ ਤੁਹਡਾ ਸੱਚਾ ਮਿੱਤਰ ਹੈ।
- ਮੁਸੀਬਤਾਂ ਨੂੰ ਹੌਂਸਲੇ ਨਾਲ ਝੱਲੋ, ਇਹਨਾਂ ਤੋਂ ਘਬਰਾਉਣਾ ਆਪਣੇ ਕੰਮ ਨੂੰ ਵਿਗਾੜਨਾ ਹੈ। ਮੁਸੀਬਤ ਵਿੱਚ ਹੀ ਆਦਮੀ ਦਾ ਇਮਤਿਹਾਨ ਹੁੰਦਾ ਹੈ।

  – ਲਾਲਾ ਲਾਜਪਤ ਰਾਇ

- ਜ਼ਿੰਦਗੀ ਅਤੇ ਸਮਾਂ, ਵਿਸ਼ਵ ਦੇ ਦੋ ਸਭ ਤੋਂ ਵੱਡੇ ਅਧਿਆਪਕ ਹਨ। ਜ਼ਿੰਦਗੀ ਸਾਨੂੰ ਸਮੇਂ ਦਾ ਸਹੀ ਇਸਤੇਮਾਲ ਸਿਖਾਉਂਦੀ ਹੈ, ਜਦਕਿ ਸਮਾਂ ਸਾਨੂੰ ਜ਼ਿੰਦਗੀ ਦੀ ਉਪਯੋਗਤਾ ਦੱਸਦਾ ਹੈ।

  – ਅਬਦੁਲ ਕਲਾਮ

- ਇਕ ਬੇਵਕੂਫ ਬਿਨਾ ਸੋਚੇ ਸਮਝੇ ਬੋਲਦਾ ਹੈ ਅਤੇ ਇਕ ਬੁਧੀਮਾਨ ਸੋਚ-ਸਮਝ ਕੇ।
- ਹੰਕਾਰ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਉਹ ਸੋਨੇ ਦੇ ਹਾਰ ਨੂੰ ਮਿੱਟੀ ਦਾ ਬਣਾ ਦਿੰਦਾ ਹੈ।
- ਸਿਖਿਆ ਦੀਆਂ ਜੜ੍ਹਾਂ ਕੌੜੀਆਂ ਹਨ ਲੇਕਿਨ ਇਸ ਦਾ ਫਲ ਬਹੁਤ ਮਿੱਠਾ ਹੈ।

  – ਅਰਸਤੂ

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ



❑ ਦਰਸ਼ਨ ਸਿੰਘ ਕੰਡਾ

# ਦੁਸਿਹਰਾ ਵੇਖਣ ਚਲੀਏ

ਕਿਡੇ ਵੱਡੇ ਬੁੱਤ ਬਣਾਏ,
ਗਰਾਉਂਡ ਚ ਰੱਸੇ ਬੰਨ ਟਿਕਾਏ।
ਰਾਵਣ ਬੰਨਿਆਂ ਵਿਚ ਵਿਚਾਲੇ,
ਬਾਕੀ ਦੋਵੇਂ ਆਲ ਦੁਆਲੇ।

ਰਾਮ ਚੰਦਰ ਦੀ ਸੈਨਾ ਆਈ,
ਸ਼ੁਰੂ ਹੋ ਗਈ ਫੇਰ ਲੜਾਈ।
ਵਾਨਰ ਸੈਨਾ ਜਦੋਂ ਦਹਾੜੀ,
ਭੱਜੀ ਫੌਜ ਰਾਵਣ ਦੀ ਸਾਰੀ।

ਮੇਘਨਾਥ ਨੂੰ ਮਾਰ ਮੁਕਾਇਆ,
ਕੁੰਭਕਰਨ ਨੂੰ ਫੇਰ ਜਗਾਇਆ।
ਰਾਮ ਦੀ ਸੈਨਾ ਭਾਰੂ ਹੋ ਗਈ,
ਕੁੰਭਕਰਨ ਨੂੰ ਮਾਰੂ ਹੋ ਗਈ।

ਫਿਰ ਰਾਵਣ ਦੀ ਵਾਰੀ ਆਈ,
ਲੱਗਾ ਲੜਨ ਹੋ ਗਿਆ ਸ਼ੁਦਾਈ।
ਧੁੰਨੀ ਦੇ ਵਿਚ ਤੀਰ ਜਾ ਲੱਗਿਆ,
ਧਰਤੀ ਉੱਤੇ ਰਾਵਣ ਡਿਗਿਆ।

ਰਾਮ ਦੀ ਹੋ ਗਈ ਜੈ ਜੈ ਕਾਰ,
ਹਰ ਪਾਸੇ ਛਾ ਗਈ ਬਹਾਰ।
ਜਿੱਤੀ ਸਚਾਈ ਬੁਰਾਈ ਹਾਰੀ,
ਉਦੋਂ ਤੋ ਸਾਰੇ ਨਰ ਨਾਰੀ।

ਦੁਸਿਹਰਾ ਖ਼ੂਬ ਮਨਾਉਂਦੇ ਨੇ,
ਤੇ ਲੋਕਾਂ ਨੂੰ ਸਮਝਾਉਂਦੇ ਨੇ।
ਕਦੇ ਕਿਸੇ ਦਾ ਬੁਰਾ ਨਾ ਕਰੀਏ,
ਮੰਦੇ ਕੰਮ ਤੋ ਸਦਾ ਹੀ ਡਰੀਏ।



ਕਹਾਣੀ ; ਦੀਪਕ ਕੁਮਾਰ


# ਮੇਰੇ ਤੋਂ ਨਹੀਂ ਹੋ ਸਕੇਗਾ

ਸੁਮਿਤ ਪੜ੍ਹਨ ਵਿੱਚ ਕਾਫੀ ਤੇਜ਼ ਸੀ। ਇਸ ਵਾਰ ਦੀ ਰਾਜ ਪੱਧਰੀ ਸਕਾਲਰਸ਼ਿਪ ਪ੍ਰਤੀਯੋਗਤਾ ਵਿੱਚ ਉਹ ਪਹਿਲੇ ਸਥਾਨ ਤੇ ਚੁਣਿਆ ਗਿਆ ਸੀ। ਉਹਨੂੰ ਇਕ ਵੱਡੇ ਸਮਾਰੋਹ ਵਿੱਚ ਪ੍ਰਮਾਣ-ਪੱਤਰ ਦਿੱਤਾ ਗਿਆ ਸੀ। ਉਸਦੇ ਮਾਤਾ-ਪਿਤਾ, ਦੋਸਤ ਅਤੇ ਸਾਰੇ ਰਿਸ਼ਤੇਦਾਰ ਬਹੁਤ ਖੁਸ਼ ਸਨ। ਨਾਲ ਹੀ ਨਾਲ ਸਾਰਿਆਂ ਦੀਆਂ ਸ਼ੁਭਕਾਮਨਾਵਾਂ ਉਹਨੂੰ ਪ੍ਰਾਪਤ ਹੋ ਰਹੀਆਂ ਸਨ।

ਇਸ ਖੁਸ਼ੀ ਵਿੱਚ ਸੁਮਿਤ ਦੇ ਪਿਤਾ ਨੇ ਆਪਣੇ ਘਰ ਵਿੱਚ ਕੁਝ ਲੋਕਾਂ ਨੂੰ ਖਾਣੇ ਤੇ ਬੁਲਾਇਆ। ਦੋਸਤਾਂ ਨੇ ਤਾਂ ਖੂਬ ਖਾਣਾ ਖਾਧਾ। ਮਾਂ ਨੇ ਵੇਖਿਆ ਕਿ ਪਾਰਟੀ ਵਿੱਚ ਸਾਰੇ ਖੁਸ਼ ਨਜ਼ਰ ਆ ਰਹੇ ਹਨ। ਸਾਰੇ ਦੋਸਤ ਆਪਸ ਵਿੱਚ ਮਿਲ ਬੈਠ ਕੇ ਗੱਲਾਂ ਕਰ ਰਹੇ ਹਨ ਪਰ ਸੁਮਿਤ ਤਾਂ ਉਥੇ ਹੈ ਹੀ ਨਹੀਂ। ਮਾਂ ਨੇ ਲੱਭਦੇ-ਲੱਭਦੇ ਛੱਤ ਤੇ ਪਹੁੰਚੀ ਤਾਂ ਉਸਨੇ ਵੇਖਿਆ ਕਿ ਉਥੇ ਸੁਮਿਤ ਚੁਪਚਾਪ ਇੱਕਲਾ ਬੈਠਾ ਹੋਇਆ ਹੈ। ਸੁਮਿਤ ਨੂੰ ਵਧਾਈ ਦੇਣ ਲਈ ਕੋਈ ਮਿਲਦਾ ਤਾਂ ਉਹ ਉਸਨੂੰ ਪ੍ਰਣਾਮ ਕਰਕੇ ਫਿਰ ਇਕਾਂਤ ਵਿੱਚ ਗੁਆਚ ਜਾਂਦਾ।

ਰਾਤ ਦੇ ਲਗਭਗ 12 ਵੱਜ ਰਹੇ ਹੋਣਗੇ। ਘਰ ਦਾ ਵਾਤਾਵਰਣ ਇਕਦਮ ਸ਼ਾਂਤ ਹੋ ਗਿਆ। ਸਾਰੇ ਲੋਕ ਆਪਣੇ-ਆਪਣੇ ਘਰਾਂ ਨੂੰ ਜਾ ਚੁੱਕੇ ਸਨ। ਇਸ ਪਾਰਟੀ ਦੇ ਆਯੋਜਨ ਦੀ ਸਾਰੀ ਵਿਵਸਥਾ ਖੁਦ ਸੁਮਿਤ ਨੇ ਹੀ ਕੀਤੀ ਸੀ। ਇਸ ਕਾਰਣ ਉਸਦਾ ਥੱਕਣਾ ਸੁਭਾਵਿਕ ਸੀ, ਪ੍ਰੰਤੂ ਫਿਰ ਵੀ ਨੀਂਦ ਉਸ ਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ। ਉਹ ਵਾਰ-ਵਾਰ ਉਠੱ ਕੇ ਪਾਣੀ ਪੀਂਦਾ ਅਤੇ ਫਿਰ ਲੇਟ ਜਾਂਦਾ।

ਮਾਂ ਨੇ ਵੇਖਿਆ ਸੁਮਿਤ ਅੱਜ ਵਾਰ-ਵਾਰ ਉਠੱ ਕਿਉਂ ਰਿਹਾ ਹੈ? ਕਿਤੇ ਉਸਦੀ ਤਬੀਅਤ ਤਾਂ ਖਰਾਬ

ਨਹੀਂ ਹੈ? ਮਾਂ ਸੁਮਿਤ ਦੇ ਕਮਰੇ ਵਿੱਚ ਗਈ ਤਾਂ ਉਹ ਮਾਂ ਨੂੰ ਵੇਖ ਕੇ ਮੁਸਕਰਾ ਪਿਆ ਅਤੇ ਇਕਟਕ ਆਪਣੀ ਮਾਂ ਨੂੰ ਵੇਖਦਾ ਰਿਹਾ।

ਸੁਮਿਤ ਦੇ ਚਿਹਰੇ ਤੇ ਬਨਾਵਟੀ ਮੁਸਕਾਨ ਨੂੰ ਵੇਖ ਕੇ ਮਾਂ ਪੁੱਛ ਬੈਠੀ- ਕਿਉਂ ਬੇਟਾ ਗਲਾ ਕਿਉਂ ਐਨਾ ਸੁੱਕ ਰਿਹਾ ਹੈ?

ਸੁਮਿਤ ਬੋਲਿਆ- ਆਉ ਮਾਂ ਅਸੀਂ ਲੋਕ ਬਿਸਤਰੇ ਤੇ ਬੈਠ ਕੇ ਗੱਲਾਂ ਕਰਦੇ ਹਾਂ।

ਮਾਂ ਪਿਆਰ ਨਾਲ ਬੋਲੀ- ਦੇਖ ਬੇਟਾ, ਜੋ ਤਨ ਅਤੇ ਮਨ ਨਾਲ ਸੁਖੀ ਰਹਿੰਦਾ ਹੈ, ਸੰਸਾਰ ਦਾ ਉਹੀ ਵਿਅਕਤੀ ਸਭ ਤੋਂ ਤੰਦਰੁਸਤ ਕਹਾਉਂਦਾ ਹੈ।

– ਵੇਖੋ ਮਾਂ, ਇਕ ਹਫਤੇ ਬਾਦ ਸ਼ਤਰੰਜ ਦੀ ਪ੍ਰਤੀਯੋਗਤਾ ਹੋਣ ਵਾਲੀ ਹੈ। ਮੈਨੂੰ ਸਕੂਲ ਦੇ ਅਧਿਆਪਕਾਂ ਤੇ ਦੋਸਤਾਂ ਦੀ ਜ਼ਿੱਦ ਤੇ ਜ਼ਿਲ੍ਹਾ ਪੱਧਰ ਸ਼ਤਰੰਜ ਪ੍ਰਤੀਯੋਗਤਾ ਫਾਰਮ ਭਰਨਾ ਪਿਆ। ਸਾਰੇ ਚਾਹੁੰਦੇ ਹਨ ਕਿ ਜਿਵੇਂ ਮੈਂ ਰਾਜ ਪੱਧਰ ਤੇ ਹੋਣਹਾਰ ਵਿਦਿਆਰਥੀਆਂ ਵਿਚੋਂ ਚੁਣਿਆ ਗਿਆ ਹਾਂ ਉਵੇਂ ਹੀ ਮੇਰੇ ਤੋਂ ਸਾਰਿਆਂ ਨੇ ਉਮੀਦ ਲਗਾ ਰੱਖੀ ਹੈ ਕਿਉਂਕਿ ਇਸ ਵਿੱਚ ਵੀ ਦਿਮਾਗ ਅਤੇ ਮਨ ਦੋਹਾਂ ਦਾ ਕੰਮ ਹੈ। ਜਿਵੇਂ-ਜਿਵੇਂ ਪ੍ਰਤੀਯੋਗਤਾ ਨੇੜੇ ਆਉਂਦੀ ਜਾ ਰਹੀ ਹੈ ਮੇਰਾ ਮਨ ਡਰਦਾ ਹੀ ਜਾ ਰਿਹਾ ਹੈ।

– ਇਸ ਵਿੱਚ ਡਰ ਕਾਹਦਾ?

– ਜੇ ਨਹੀਂ ....। ਸੁਮਿਤ ਸੰਕੋਚ ਕਰਦੇ ਹੋਏ ਬੋਲਿਆ।

– ਅੱਛਾ ਤੈਨੂੰ ਪੜ੍ਹਾਈ ਵਿੱਚ ਸਫਲਤਾ ਕਿਵੇਂ ਮਿਲੀ?

ਸੁਮਿਤ ਹੈਰਾਨੀ ਨਾਲ ਮਾਂ ਵੱਲ ਵੇਖਦੇ ਹੋਏ ਬੋਲਿਆ- ਕਿਉਂਕਿ ਮੈਂ ਸਾਰੀਆਂ ਚੀਜ਼ਾਂ ਬਾਰੇ ਧਿਆਨ ਲਾ ਕੇ ਅਤੇ ਡੂੰਘਾਈ ਨਾਲ ਅਧਿਐਨ ਕੀਤਾ ਸੀ।

– ਕਿਉਂ ਐਨੀ ਡੂੰਘਾਈ ਅਤੇ ਧਿਆਨ ਨਾਲ ਪੜਿਆ ਸੀ ਤੂੰ?

– ਕਿਉਂਕਿ ਦੋਸਤਾਂ ਵਿੱਚ ਬਾਜੀ ਲਗ ਚੁੱਕੀ ਸੀ।

ਇਸੇ ਤਰ੍ਹਾਂ ਤੇਰਾ ਸ਼ਤਰੰਜ ਖੇਡਣ ਦਾ ਅਭਿਆਸ ਵੀ ਉਹਨਾਂ ਬੱਚਿਆਂ ਤੋਂ ਘੱਟ ਹੈ ਜਾਂ ਫਿਰ ਤੂੰ ਖੇਡਦੇ ਸਮੇਂ ਧਿਆਨ ਇਧਰ-ਉਧਰ ਰੱਖਦਾ ਹੈ। ਸੁਮਿਤ, ਤੇਰੇ ਸਾਹਮਣੇ ਅਜੇ ਇਕ ਹੋਰ ਮਕਸਦ ਹੈ ਜ਼ਿਲ੍ਹਾ ਪੱਧਰ ਸ਼ਤਰੰਜ ਪ੍ਰਤੀਯੋਗਤਾ ਜਿੱਤਣਾ। ਤੇਰੇ ਕੋਲ ਦਿਮਾਗ ਵੀ ਹੈ ਅਤੇ ਮਨ ਵੀ ਹੈ। ਹਾਂ, ਦਿਮਾਗ ਅਤੇ ਮਨ ਦੋਵਾਂ ਨੂੰ ਸ਼ਤਰੰਜ ਦੇ ਉਪਰ ਕੇਂਦਰਿਤ ਰੱਖਣਾ।

ਸੁਮਿਤ ਨੂੰ ਸਮਝਾਉਣ ਦੇ ਬਾਦ ਮਾਂ ਸੁਮਿਤ ਦੇ ਕਮਰੇ ਤੋਂ ਬਾਹਰ ਚਲੀ ਗਈ। ਸੁਮਿਤ ਮਾਂ ਦੀਆਂ ਗੱਲਾਂ ਨੂੰ ਡੂੰਘਾਈ ਨਾਲ ਸੋਚਣ ਦੇ ਬਾਦ ਬੋਲ ਪਿਆ – ਮਾਂ ਮੈਂ ਤੁਹਾਨੂੰ ਇਹ ਵਿਸ਼ਵਾਸ਼ ਦੁਆਉਂਦਾ ਹਾਂ ਕਿ ਮੈਂ ਇਹ ਜ਼ਿਲ੍ਹਾ ਪੱਧਰ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਾਂਗਾ।


ਮਨ ਹੀ ਮਨ ਇਹ ਸੋਚ ਕੇ ਉਹ ਹਰਰੋਜ਼ ਮਨ ਅਤੇ ਬੁੱਧੀ ਨੂੰ ਇਕਾਗਰ ਕਰਕੇ ਪੂਰੀ ਲਗਨ ਨਾਲ ਪ੍ਰਤੀਯੋਗਤਾ ਦੀ ਤਿਆਰੀ ਕਰਨ ਵਿੱਚ ਜੁਟ ਗਿਆ। ਆਖਿਰ ਉਸਦੀ ਬੁੱਧੀ, ਲਗਨ ਅਤੇ ਆਤਮਵਿਸ਼ਵਾਸ ਰਾਹੀਂ ਪੈਦਾ ਸ਼ਕਤੀ ਇਕ ਹੀ ਜਗ੍ਹਾ ਤੇ ਕੇਂਦਰਿਤ ਹੋ ਗਈ। ਫਿਰ ਭਲਾ ਸਫਲਤਾ ਕਿਵੇਂ ਦੂਰ ਰਹਿ ਸਕਦੀ ਸੀ। ਸੁਮਿਤ ਨੇ ਜ਼ਿਲ੍ਹਾ ਪੱਧਰ ਸ਼ਤਰੰਜ ਪ੍ਰਤੀਯੋਗਤਾ ਜਿੱਤ ਲਈ।





# ਦਾਦਾ ਜੀ


ਚਿਤੱਰਕਾਰੀ ਅਤੇ ਲੇਖਕ -
- ਅਜੈ ਕਾਲੜਾ




ਰਾਮ ਅਤੇ ਸ਼ਾਮ ਬੜੀ ਹੀ ਮਸਤੀ ਵਿੱਚ ਫੁੱਟਬਾਲ ਖੇਡ ਰਹੇ ਸਨ। ਖੇਡਦੇ-ਖੇਡਦੇ ਰਾਮ ਨੇ ਫੁੱਟਬਾਲ ਨੂੰ ਬਹੁਤ ਉੱਚਾ ਉਛਾਲ ਦਿੱਤਾ।
ਉਸਦੇ ਬਾਦ ਉਹਨਾਂ ਦੀ ਫੁੱਟਬਾਲ ਨਾ ਜਾਣੇ ਕਿਥੇ ਗਵਾਚ ਗਈ, ਉਹ ਉਹਨੂੰ ਲੱਭਣ ਲੱਗ ਗਏ।
ਫੁੱਟਬਾਲ ਨੂੰ ਲੱਭਦੇ-ਲੱਭਦੇ ਰਾਮ ਨੇ ਜ਼ਮੀਨ ਤੇ ਵਿਛੀ ਹੋਈ ਤਰਬੂਜ ਦੀ ਵੇਲ ਅਤੇ ਇਕ ਜਾਮੁਨ ਦੇ ਰੁੱਖ ਨੂੰ ਵੇਖਿਆ।


ਜਾਮੁਨ ਦੇ ਰੁੱਖ ਤੇ ਖੂਬ ਸਾਰੇ ਕਾਲੇ-ਕਾਲੇ ਜਾਮੁਨ ਲੱਗੇ ਹੋਏ ਸਨ। ਰਾਮ ਨੇ ਸ਼ਾਮ ਨੂੰ ਅਵਾਜ਼ ਲਗਾਈ ਅਤੇ ਜਾਮੁਨ ਦੇ ਗੁੱਛੇ ਵਿਖਾਉਣ ਲੱਗਾ।
ਰਾਮ ਨੇ ਸ਼ਾਮ ਨੂੰ ਕਿਹਾ - ਵੇਖੋ ਸ਼ਾਮ ਕਿੰਨੇ ਕਾਲੇ ਅਤੇ ਮਿੱਠੇ ਜਾਮੁਨ ਲੱਗੇ ਹਨ, ਪਰ ਅਸੀਂ ਤੋੜ ਵੀ ਨਹੀਂ ਸਕਦੇ। ਕਿੰਨਾ ਉਚੱਾ ਰੁੱਖ ਹੈ।
ਕੁਦਰਤ ਦੀ ਵੀ ਖੂਬ ਰਚਨਾ ਹੈ, ਛੋਟੇ ਜਿਹੇ ਜਾਮੁਨ ਤਾਂ ਐਨੇ ਉਚੇ ਰੁੱਖ ਤੇ ਲਗਾ ਦਿੱਤੇ, ਅਤੇ ਵੱਡੇ ਸਾਰੇ ਤਰਬੂਜ ਨੂੰ ਹੇਠਾਂ ਜ਼ਮੀਨ ਤੇ।


ਕਿੰਨਾ ਚੰਗਾ ਹੁੰਦਾ ਅਗਰ ਜਾਮੁਨ ਜ਼ਮੀਨ ਤੇ ਲਗੇ ਹੁੰਦੇ? ਸ਼ਾਮ ਚੁਪਚਾਪ ਖੜਾ ਰਾਮ ਦੀ ਗੱਲ ਸੁਣਦਾ ਰਿਹਾ।
ਅਚਾਨਕ ਜਾਮੁਨ ਦੇ ਰੁੱਖ ਤੋਂ ਇਕ ਜਾਮੁਨ ਟੁੱਟ ਕੇ ਰਾਮ ਦੇ ਸਿਰ ਤੇ ਵੱਜ ਗਿਆ। ਰਾਮ ਤ੍ਰਬਕ ਕੇ ਉਛਲ ਪਿਆ।
ਇਹ ਵੇਖ ਕੇ ਸ਼ਾਮ ਬੋਲਿਆ- ਰਾਮ ਤੂੰ ਇਕ ਛੋਟੇ ਜਿਹੇ ਜਾਮੁਨ ਦੇ ਸਿਰ ਵਿੱਚ ਡਿਗਣ ਨਾਲ ਉਛਲ ਪਿਆ, ਅਗਰ ਇਹੀ ਤਰਬੂਜ਼ ਹੁੰਦਾ ਤਾਂ ਕੀ ਹੁੰਦਾ?
ਰਾਮ ਝੱਟ ਬੋਲਿਆ - ਫਿਰ ਤਾਂ ਮੇਰਾ ਸਿਰ ਹੀ ਫੱਟ ਗਿਆ ਹੁੰਦਾ।
ਸ਼ਾਮ ਨੇ ਕਿਹਾ ਕੁਦਰਤ ਨੇ ਜੋ ਵੀ ਜਿਹੋ-ਜਿਹਾ ਬਣਾਇਆ ਹੈ ਉਹ ਚੰਗਾ ਹੈ, ਉਸ ਵਿੱਚ ਕਿਸੇ ਤਰ੍ਹਾਂ ਦਾ ਦੋਸ਼ ਕੱਢਣਾ ਠੀਕ ਨਹੀਂ ਹੈ।
ਪਿਆਰੇ ਬੱਚਿਓ! ਇਸ ਕਹਾਣੀ ਤੋਂ ਸਾਨੂੰ ਇਹੀ ਸਿਖਿਆ ਮਿਲਦੀ ਹੈ ਕਿ ਕੁਦਰਤ ਦੀ ਕਿਸੇ ਵੀ ਰਚਨਾ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ, ਕਿਉਂਕਿ ਇਹ ਕੁਦਰਤ ਤਾਂ ਭਗਵਾਨ ਦੀ ਰਚਨਾ ਹੈ ਅਤੇ ਭਗਵਾਨ ਨੇ ਜਿਹੋ-ਜਿਹਾ ਬਣਾਇਆ, ਉਹ ਠੀਕ ਹੈ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ!




kids
Nirankari
spiritual dreamland for kids
Spiritual Zone for kids
With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.
kids.nirankari.org
His Holiness Message
Glimpse of Blessing
Message in colors
Poetry Fantasy
Wacky and True
Fun Games
Hansti Duniya
Kids Creation
Kids Activities
Jokes
Avtar Vani
Story Time
Share
your talent
in form of
painting, poetry
& story

Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment



# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011--47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)